₹15/-

Hansti Duniya (Punjabi)
Vol. 41 No. 11
November 2017

ਹੱਸਦੀ ਦੁਨੀਆ

ਹੰਸਤੀ ਦੁਨੀਆ

ਸਭ ਤੋਂ ਪਹਿਲਾਂ

ਹੰਸਤੀ ਦੁਨੀਆ

Vol. 41 • ਅੰਕ : 11 • ਨਵੰਬਰ 2017 • Pages : 52

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

C.L. Gulati,
Member Incharge Magazine

Printer & Publisher Radhey Shyam, on behalf of Sant Nirankai Mandal, Delhi-9, printed at M.P. Printers, B-220, Phase-II, NOIDA - 201305 (UP) & published at Sant Nirankari Satsang Bhawan, Sant Nirankari Colony, Delhi-110009

Chief Editor :
Harjeet Nishad

Editor (Honorary)
Sulekh Singh 'Sathi'

Email: editorial@nirankari.org

Ph.: 011-47660200
Fax: 011-27608215
Website: http//www.nirankari.org
kids.nirankari.org

Subscription Value

	India/ Nepal	UK	Europe	USA	Canada/ Australia
Annual	Rs.150	£15	€ 20	$25	$30
5 Years	Rs.700	£70	€ 95	$120	$140

Other Countries
Equivalent to U.S. Dollars as mentioned above.

ਸਤੰਭ

ਸਭ ਤੋਂ ਪਹਿਲਾਂ	04
ਵਿਗਿਆਨ ਪ੍ਰਸ਼ਨੋਤਰੀ	10
ਹਾਸਾ-ਖੇਡਾ	16
ਸਾਧਾਰਣ ਗਿਆਨ ਪ੍ਰਸ਼ਨੋਤਰੀ	19
ਕੀ ਤੁਸੀਂ ਜਾਣਦੇ ਹੋ?	27
ਰੰਗ ਭਰੋ ਪ੍ਰਤੀਯੋਗਿਤਾ	36
ਕਦੇ ਨਾ ਭੁੱਲੋ	42

ਚਿੱਤਰਕਥਾਵਾਂ

ਕਿੱਟੀ	20
ਦਾਦਾ ਜੀ	46

ਕਹਾਣੀਆਂ

ਵਿਅਰਥ ਦਾ ਅਭਿਮਾਨ
– ਪੌਰਾਣਿਕ ਬੋਧਕਥਾ 6
ਧਰਮਾਤਮਾਂ ਦੀ ਖੋਜ
– ਸ਼ਸ਼ੀਕਾਂਤ 12
ਮਿਹਨਤ ਦੀ ਚਮਕ
– ਰਾਧੇਲਾਲ ਠਵਚੱਕਰ 15
ਚਲਾਕ ਲੂੰਬੜ ਅਤੇ ਗਧਾ
– ਅਮਨਪ੍ਰੀਤ ਸਿੰਘ 24
ਛੋਟੂ ਬੂਹੇ ਦੀ ਬਹਾਦੁਰੀ
– ਗੋਵਿੰਦ ਭਾਰਦਵਾਜ 28
ਬਜ਼ੁਰਗ ਦੀ ਸਿਆਣਪ
– ਵੀਰਪਾਲ ਕੌਰ 31
ਚੀਕੂ ਖਰਗੋਸ਼ ਫਿਰ ਹਾਰ ਗਿਆ
– ਵੈਦੇਹੀ ਸ਼ਰਮਾ 38
ਕਾਂ ਅਤੇ ਕਿਸਾਨ
– ਰਘਵੀਰ ਸਿੰਘ 44

ਗੀਤ-ਕਵਿਤਾਵਾਂ

ਆਪਣਾ-ਆਪਣਾ ਕੰਮ
– ਘਮੰਡੀਲਾਲ ਅਗਰਵਾਲ 5
ਫਸਟ ਮੈਂ ਆਈ ਔਮੀਏਂ
– ਹਰਪਾਲ ਸਨੇਹੀ 11
ਸ਼ਾਮ ਸੁਹਾਣੀ ਕਿੰਨੀ ਚੰਗੀ...
– ਬਲਵਿੰਦਰ ਬਾਲਮ 18
ਬੱਚਿਉ ! ਹਰੀ-ਭਰੀ ਸਬਜੀਆਂ ਖਾਉ
– ਸੁਰਿੰਦਰ ਰੰਧਾਵਾ 30
ਆਈ ਐ ਦੀਵਾਲੀ
– ਸੁਰਜੀਤ ਦੇਵਲ 35
ਧੀਆਂ
– ਭੀਮ ਸੈਨ ਸਿਹਾਲ 41
ਏਕਤਾ ਦਾ ਗੀਤ
– ਕਮਲ ਸਿੰਘ ਚੌਹਾਨ 43
ਬੁਲਬੁਲ ਰਾਣੀ
– ਊਸ਼ਾ ਸਰੀਨ 45

ਵਿਸ਼ੇਸ਼ ਲੇਖ

ਮਦਨ ਲਾਲ ਢੀਂਗਰਾ ਅਤੇ
ਸ਼ਹੀਦ ਊਧਮ ਸਿੰਘ
– ਲੱਛਮੀਕਾਂਤਾ ਚਾਵਲਾ 08
ਕੇਲਾ – ਇਕ ਪੌਸ਼ਟਿਕ ਆਹਾਰ
– ਪੁਸ਼ਪਾ ਭਾਟੀਆ 14
ਮਿਕੀ ਮਾਊਸ.....ਵਾਲਟ ਡਿਜ਼ਨੀ
– ਮਨਮੋਹਨ ਬਾਵਾ 26
ਜੀਵ-ਜੰਤੂਆਂ ਦਾ ਵਚਿੱਤਰ ਸੰਸਾਰ
– ਸੁਖਮੰਦਰ ਸਿੰਘ 32
ਜੰਕ ਫੂਡ ਤੋਂ ਬਚੋ
– ਪੂਰਨਿਮਾ 34
ਕਿੱਧਰ ਗਏ ਪਿੰਡ ਦੇ ਬੋਹੜ
– ਰਾਜਵੰਤ ਸਿੰਘ 40

ਪਿਆਰ ਦਾ ਸੰਸਾਰ

ਪਿਆਰੇ ਬੱਚਿਉ ! ਤੁਸੀਂ ਸਾਰੇ ਪੰਡਿਤ ਜਵਾਹਰ ਲਾਲ ਨਹਿਰੂ ਜੀ ਬਾਰੇ ਜਾਣਦੇ ਹੀ ਹੋਵੋਗੇ। ਪੰਡਿਤ ਨਹਿਰੂ ਜੀ ਆਜਾਦ ਭਾਰਤ ਦੇ ਪਹਿਲੇ ਪ੍ਰਧਾਨਮੰਤਰੀ ਸਨ। ਮਹਾਤਮਾ ਗਾਂਧੀ ਜੀ ਦੇ ਨਾਲ ਮਿਲ ਕੇ ਉਹਨਾਂ ਭਾਰਤ ਦੀ ਆਜ਼ਾਦੀ ਲਈ ਬਹੁਤ ਵੱਡਾ ਯੋਗਦਾਨ ਪਾਇਆ ਸੀ, ਜਿਸ ਕਰਕੇ ਆਜ਼ਾਦੀ ਮਗਰੋਂ ਉਹਨਾਂ ਨੂੰ ਦੇਸ਼ ਦਾ ਪ੍ਰਧਾਨ ਮੰਤਰੀ ਬਣਾਇਆ ਗਿਆ। ਪੰਡਿਤ ਨਹਿਰੂ ਜੀ ਨੂੰ ਬੱਚਿਆਂ ਨਾਲ ਬਹੁਤ ਪਿਆਰ ਸੀ। ਬੱਚਿਆਂ ਦੇ ਕਲਿਆਣ ਲਈ ਅਤੇ ਉਨ੍ਹਾਂ ਨੂੰ ਹਰ ਖੇਤਰ ਵਿਚ ਅੱਗੇ ਵਧਾਉਣ ਲਈ ਉਨ੍ਹਾਂ ਅਨੇਕਾਂ ਯੋਜਨਾਵਾਂ ਆਰੰਭ ਕੀਤੀਆਂ ਸਨ। ਇਹੀ ਕਾਰਣ ਹੈ ਕਿ ਬੱਚੇ ਪਿਆਰ ਨਾਲ ਉਹਨਾਂ ਨੂੰ ਚਾਚਾ ਨਹਿਰੂ ਕਿਹਾ ਕਰਦੇ ਸਨ। ਦੇਸ਼ ਭਰ ਵਿਚ ਵੀ ਉਹ ਚਾਚਾ ਨਹਿਰੂ ਦੇ ਨਾਂ ਨਾਲ ਪ੍ਰਸਿੱਧ ਹੋ ਗਏ ਸਨ। ਸਫੇਦ ਰੰਗ ਦੀ ਅਚਕਨ ਉਤੇ ਗੁਲਾਬ ਦਾ ਫੁੱਲ ਉਨ੍ਹਾਂ ਦੀ ਪਛਾਣ ਬਣ ਗਈ ਸੀ। ਇਹ ਪਛਾਣ ਉਨ੍ਹਾਂ ਦੇ ਮਨ ਵਿਚ ਦੇਸ਼ ਵਾਸੀਆਂ ਲਈ ਪਿਆਰ ਦਾ ਪ੍ਰਤੀਕ ਬਣ ਗਈ ਸੀ। ਬੱਚਿਉ ! 14 ਨਵੰਬਰ ਨੂੰ ਚਾਚਾ ਨਹਿਰੂ ਜੀ ਦਾ ਜਨਮ ਦਿਨ ਵੀ ਹੁੰਦਾ ਹੈ ਜੋ ਸਾਰਿਆਂ ਦੇ ਦਿਲ ਵਿਚ ਉਨ੍ਹਾਂ ਪ੍ਰਤੀ ਪਿਆਰ ਅਤੇ ਆਦਰ ਦੇ ਕਾਰਣ 'ਬਾਲ ਦਿਵਸ' ਦੇ ਰੂਪ ਵਿਚ ਮਨਾਇਆ ਜਾਂਦਾ ਹੈ।

ਸਾਰਿਆਂ ਦੇ ਪ੍ਰਤੀ ਪਿਆਰ ਦਾ ਭਾਵ ਅਪਨਾ ਕੇ ਜੀਵਨ ਜੀਊਣ ਦੀ ਪ੍ਰੇਰਣਾ ਵਾਲਾ ਇਕ ਹੋਰ ਅਵਸਰ ਵੀ ਨਵੰਬਰ ਮਹੀਨੇ ਵਿਚ ਹੀ ਆਉਂਦਾ ਹੈ ਅਤੇ ਉਹ ਹੈ ਵਾਰਸ਼ਕ ਨਿਰੰਕਾਰੀ ਸੰਤ ਸਮਾਗਮ। ਪਿਆਰੇ ਬੱਚਿਉ ! ਤੁਸੀਂ ਜਾਣਦੇ ਹੋ ਕਿ ਅੱਜ ਜੋ ਤੁਹਾਡੀ ਪਿਆਰੀ ਪਤਰਿਕਾ ਹੰਸਤੀ ਦੁਨੀਆ ਤੁਹਾਡੇ ਹੱਥਾਂ ਵਿਚ ਹੈ, ਇਹ ਨਿਰੰਕਾਰੀ ਪ੍ਰਕਾਸ਼ਨ ਦਾ ਇਕ ਅੰਗ ਹੈ ਅਤੇ ਨਿਰੰਕਾਰੀ ਪ੍ਰਕਾਸ਼ਨ ਦਾ ਆਰੰਭ ਬਾਬਾ ਸੱਜਣ ਸਿੰਘ ਜੀ ਰਾਹੀਂ ਕੀਤਾ ਗਿਆ ਸੀ। ਸ਼ਹਿਨਸ਼ਾਹ ਬਾਬਾ ਅਵਤਾਰ ਸਿੰਘ ਜੀ ਮਹਾਰਾਜ ਦੇ ਸਪੁੱਤਰ ਬਾਬਾ ਸੱਜਣ ਸਿੰਘ ਜੀ ਦੇ ਮਨ ਵਿਚ ਮਾਨਵਤਾ ਦੇ ਪ੍ਰਤੀ ਅਥਾਹ ਪਿਆਰ ਸੀ। ਉਹ ਚਾਹੁੰਦੇ ਸਨ ਕਿ ਸੰਸਾਰ ਦੇ ਸਾਰੇ ਇਨਸਾਨ ਪ੍ਰਭੂ ਪ੍ਰਮਾਤਮਾ ਦੀ ਪਛਾਣ ਕਰ ਕੇ ਮਾਨਵੀ ਭਾਈਚਾਰੇ ਦਾ ਅੰਗ ਬਣਨ। ਇਸ ਕਾਰਨ ਉਨ੍ਹਾਂ ਨੇ ਪਤ੍ਰਕਾਵਾਂ ਪ੍ਰਕਾਸ਼ਨ ਰਾਹੀਂ ਇਹ ਸੰਦੇਸ਼ ਸਭ ਤਕ ਪਹੁੰਚਾਉਣਾ ਆਰੰਭ ਕੀਤਾ। ਬਾਅਦ ਵਿਚ ਇਸ ਨੇ ਵਿਸਥਾਰ ਰੂਪ ਲਿਆ ਅਤੇ ਨਿਰੰਕਾਰੀ ਪ੍ਰਕਾਸ਼ਨ ਰਾਹੀਂ ਅਨੇਕਾਂ ਪੱਤਰ-ਪਤਰਕਾਵਾਂ ਆਰੰਭ ਕੀਤੀਆਂ ਜਿੰਨ੍ਹਾਂ ਵਿਚ ਬਾਲ ਪਤੱਰਕਾ ਹੰਸਤੀ ਦੁਨੀਆਂ ਵੀ ਸ਼ਾਮਿਲ ਹੈ। ਨਿਰੰਕਾਰੀ ਸੰਤ ਸਮਾਗਮ ਵੀ ਉਹਨਾਂ ਦੀ ਯਾਦ ਵਿਚ ਹੀ ਆਰੰਭ ਹੋਇਆ ਸੀ ਜਿਸ ਦਾ 70ਵਾਂ ਵਿਸ਼ਾਲ ਸਰੂਪ ਨਵੰਬਰ ਵਿਚ ਹੀ 18 ਤੋਂ 20 ਤਰੀਖ ਤਕ ਸਾਨੂੰ ਵੇਖਣ ਨੂੰ ਮਿਲੇਗਾ।

ਪਿਆਰੇ ਬੱਚਿਉ ! ਸੰਸਾਰ ਵਿਚ ਪਿਆਰ ਦਾ ਵਿਸਥਾਰ ਹੋਵੇ, ਸਾਰੇ ਪਿਆਰ ਨਾਲ ਇਕ ਦੂਜੇ ਨੂੰ ਅੱਗੇ ਵਧਾਉਣ ਦੇ ਜਤਨ ਕਰਨ, ਇਸ ਮੰਤਵ ਦੀ ਪੂਰਤੀ ਲਈ ਹੋਣ ਵਾਲੇ ਇਸ ਸੰਤ ਸਮਾਗਮ ਵਿਚ ਅਸੀਂ ਵੀ ਸ਼ਾਮਿਲ ਹੋਈਏ ਅਤੇ ਆਪਣੇ ਸਾਥੀਆਂ ਨੂੰ ਵੀ ਲੈ ਕੇ ਆਈਏ ਤਾਕਿ ਪਿਆਰ ਦੇ ਸੰਸਾਰ ਦਾ ਨਿਰਮਾਣ ਜਲਦੀ ਸੰਭਵ ਹੋ ਸਕੇ।

✍ ਸੁਲੇਖ 'ਸਾਥੀ'
ssathi_2007@yahoo.com

ਆਪਣਾ ਆਪਣਾ ਕੰਮ

ਕਿਸਾਨ ਖੇਤਾਂ ਵਿਚ ਹਲ ਚਲਾਵੇ।
ਘੁਮਿਆਰ ਮਿੱਟੀ ਦੇ ਭਾਂਡੇ ਬਣਾਵੇ।

ਤਰਖਾਣ ਫਰਨੀਚਰ ਬਣਾਉਂਦਾ ਰਹਿੰਦਾ।
ਜੁਲਾਹਾ ਕਪੜੇ ਬੁਣਦਾ ਰਹਿੰਦਾ।

ਰਾਜ ਮਿਸਤਰੀ ਕਰੇ ਤਿਆਰ ਮਕਾਨ।
ਹਲਵਾਈ ਬਣਾਏ ਵਧੀਆ ਪਕਵਾਨ।

ਵਿਉਪਾਰੀ ਵਿਉਪਾਰ ਚਲਾਵੇ।
ਮੋਚੀ ਜੁੱਤੀਆਂ ਨੂੰ ਚਮਕਾਵੇ।

ਰਿਕਸ਼ੇ ਵਾਲਾ ਰਿਕਸ਼ਾ ਖਿੱਚਦਾ।
ਮਾਲੀ ਬਾਗ ਬਗੀਚਾ ਸਿੰਜਦਾ।

ਟੀਚਰ ਪੜ੍ਹਨਾ ਲਿਖਣਾ ਸਿਖਾਵੇ।
ਸੈਨਿਕ ਦੁਸ਼ਮਣ ਮਾਰ ਮੁਕਾਵੇ।

ਡਾਕਟਰ ਕਰਦਾ ਦੂਰ ਬੀਮਾਰੀ।
ਬਸ ਲੈ ਜਾਵੇ ਬਿਠਾ ਕੇ ਸਵਾਰੀ।

ਬੱਚਿਉ !
ਸਭ ਕਰਦੇ ਕੰਮ ਆਪਣਾ-ਆਪਣਾ।
ਤੁਸੀਂ ਵੀ ਕਰਨਾ ਹੈ ਕੰਮ ਆਪਣਾ।

(ਪੌਰਾਣਿਕ ਬੋਧਕਥਾ)

ਵਿਅਰਥ ਦਾ ਅਭਿਮਾਨ

ਇਕ ਵਾਰ ਦੇਵਤਿਆਂ ਅਤੇ ਰਾਕਸ਼ਾ ਨੇ ਮਿਲ ਕੇ ਸਮੁੰਦਰ ਨੂੰ ਰਿੜਕਿਆ। ਸਮੁੰਦਰ ਨੂੰ ਰਿੜਕਣ ਵਾਸਤੇ ਮੁੰਦ੍ਰਾਚਲ ਪਰਬਤ ਨੂੰ ਮਧਾਣੀ ਦੇ ਰੂਪ ਵਿਚ ਇਸਤੇਮਾਲ ਕੀਤਾ ਗਿਆ ਸੀ। ਇਸ ਮਧਾਣੀ ਨੂੰ ਘੁਮਾਉਣ ਵਾਸਤੇ ਨਾਗਰਾਜ ਵਾਸੁਕੀ ਨੂੰ ਰੱਸੀ ਬਣਾਇਆ ਗਿਆ ਸੀ। ਜਦ ਸਾਰਾ ਪ੍ਰਬੰਧ ਹੋ ਗਿਆ ਤਾਂ ਮੰਦ੍ਰਾਚਲ ਪਰਬਤ ਦੇ ਆਸ-ਪਾਸ ਨਾਗਰਾਜ ਵਾਸੁਕੀ ਨੂੰ ਲਪੇਟ ਦਿਤਾ ਗਿਆ। ਫਿਰ ਦੇਵਤਿਆਂ ਵਿਚੋਂ ਇਕ ਨੇ ਆਪਣੇ ਸਭ ਸਾਥੀਆਂ ਨੂੰ ਕਿਹਾ - ਰਿੜਕਣ ਸਮੇਂ ਨਾਗਰਾਜ ਵਾਸੁਕੀ ਦਾ ਬਦਨ ਮੰਦ੍ਰਾਚਲ ਪਰਬਤ ਨਾਲ ਰਗੜ ਖਾਏਗਾ। ਇਸ ਨਾਲ ਵਾਸੁਕੀ ਨੂੰ ਕ੍ਰੋਧ ਆਏਗਾ। ਫਿਰ ਇਹ ਸੰਭਾਵਨਾ ਹੈ ਕਿ ਕ੍ਰੋਧ ਵਿਚ ਆ ਕੇ ਵਾਸੁਕੀ ਆਪਣੇ ਮੂੰਹ ਦੇ ਕੋਲ ਖੜੇ ਕੁਝ ਲੋਕਾਂ ਨੂੰ ਕੱਟ ਲਏ।

ਆਪਣੇ ਸਾਥੀ ਦੀ ਗੱਲ ਸਾਰੇ ਦੇਵਤਿਆਂ ਨੂੰ ਠੀਕ ਲੱਗੀ। ਸੋਚ-ਵਿਚਾਰ ਤੋਂ ਬਾਅਦ ਇਹ ਫੈਸਲਾ ਕੀਤਾ ਗਿਆ ਕਿ ਕੋਈ ਐਸੀ ਤਰਕੀਬ ਕੀਤੀ ਜਾਵੇ ਜਿਸ ਨਾਲ ਰਾਕਸ਼ ਵਾਸੁਕੀ ਦੇ ਮੂੰਹ ਵਲ ਰਹਿਣ ਅਤੇ ਦੇਵਤੇ ਉਸ ਦੀ ਪੂਛ ਵਲ। ਹੁਣ ਸਮਸਿਆ ਇਹ ਸੀ ਕਿ ਰਾਕਸ਼ਾਂ ਨੂੰ ਨਾਗਰਾਜ ਵਾਸੁਕੀ ਦਾ ਮੂੰਹ ਫੜਨ ਵਾਸਤੇ ਤਿਆਰ ਕਿਵੇਂ ਕੀਤਾ ਜਾਵੇ?

ਦੇਵਗੁਰੂ ਬ੍ਰਹਸਪਤੀ ਨੇ ਸਮਝਾਉਂਦੇ ਹੋਏ ਕਿਹਾ - ਜੇਕਰ ਅਸੀਂ ਰਾਕਸ਼ਾਂ ਨਾਲ ਇਸ ਵਿਸ਼ੇ ਤੇ ਕੋਈ ਗੱਲਬਾਤ ਕਰਾਂਗੇ ਤਾਂ ਉਹ ਜਰੂਰ ਸਾਨੂੰ ਹੀ ਵਾਸੁਕੀ ਦਾ ਮੂੰਹ ਫੜਨ ਲਈ ਮਜਬੂਰ ਕਰ ਦੇਣਗੇ। ਇਹ ਸਮੱਸਿਆ ਗੱਲਬਾਤ ਨਾਲ ਨਹੀਂ, ਸਗੋਂ ਨੀਤੀ ਨਾਲ ਹੱਲ ਕਰਨੀ ਪਏਗੀ।

ਗੁਰੂਦੇਵ ਦੀ ਗੱਲ ਸੁਣ ਕੇ ਸਾਰੇ ਬੜੇ ਉਤਸ਼ਾਹ ਨਾਲ ਉਹਨਾਂ ਵਲ ਵੇਖਣ ਲਗੇ। ਦੇਵਰਾਜ ਇੰਦ੍ਰ ਨੇ ਨਿਮਰਤਾ ਪੂਰਵਕ ਕਿਹਾ - ਗੁਰੂਦੇਵ ! ਆਪ ਹੀ ਕੋਈ ਉਪਾਅ ਦੱਸੋ।

ਦੇਵਗੁਰੂ ਬ੍ਰਹਸਪਤੀ ਬੋਲੇ - ਰਾਕਸ਼ ਅਭਿਮਾਨੀ ਹਨ। ਅਭਿਮਾਨੀ ਵਿਅਕਤੀ ਬੁੱਧੀ ਦਾ ਇਸਤੇਮਾਲ

ਨਹੀਂ ਕਰਦਾ। ਕੋਈ ਵੀ ਫੈਸਲਾ ਕਰਨ ਵੇਲੇ ਅਭਿਮਾਨੀ ਵਿਅਕਤੀ ਉਸ ਤੇ ਵਿਚਾਰ ਕਰਨ ਨੂੰ ਐਨਾ ਮਹੱਤਵ ਨਹੀਂ ਦਿੰਦਾ ਜਿਨ੍ਹਾਂ ਆਪਣੇ ਅਹਿਮ ਨੂੰ ਮਹੱਤਵ ਦਿੰਦਾ ਹੈ। ਰਾਕਸ਼ਾਂ ਦੀ ਇਸ ਕਮਜ਼ੋਰੀ ਦਾ ਲਾਭ ਉਠਾਉਣਾ ਚਾਹੀਦਾ ਹੈ। ਇਕ ਪਲ ਰੁਕ ਕੇ ਉਹ ਫਿਰ ਬੋਲੇ - ਤੁਸੀਂ ਸਾਰੇ ਦੌੜ ਕੇ ਨਾਗਰਾਜ ਵਾਸੁਕੀ ਨੂੰ ਮੂੰਹ ਵੱਲੋਂ ਫੜ ਲਉ। ਅਭਿਆਨੀ ਰਾਕਸ਼ ਜ਼ਰੂਰ ਸਾਡੀ ਨਕਲ ਕਰਨਗੇ। ਬਸ, ਸਾਡਾ ਕੰਮ ਬਣ ਜਾਏਗਾ।

ਦੇਵਤਿਆਂ ਨੇ ਗੁਰੂਦੇਵ ਬ੍ਰਹਮਪਤੀ ਦੇ ਆਦੇਸ਼ ਦਾ ਪਾਲਣ ਕੀਤਾ। ਸਾਰੇ ਜਾ ਕੇ ਵਾਸੁਕੀ ਦੇ ਮੂੰਹ ਵਲ ਖੜੇ ਹੋ ਗਏ। ਜਦ ਰਾਕਸ਼ਾਂ ਨੇ ਦੇਵਤਿਆਂ ਨੂੰ ਆਪਣੇ ਆਪ ਨਾਗਰਾਜ ਵਾਸੁਕੀ ਦੇ ਮੂੰਹ ਵਲ ਖੜੇ ਹੁੰਦੇ ਵੇਖਿਆ ਤਾਂ ਉਹ ਹੈਰਾਨ ਹੋ ਗਏ। ਉਹਨਾਂ ਨੂੰ ਇਸ ਵਿਚ ਦੇਵਤਿਆਂ ਦੀ ਕੋਈ ਚਾਲ ਲੱਗੀ।

ਰਾਕਸ਼ਾਂ ਦਾ ਮੁਖੀ ਇਕ ਦਮ ਅੱਗੇ ਵਧਿਆ ਅਤੇ ਦੇਵਰਾਜ ਇੰਦ੍ਰ ਨੂੰ ਬੋਲਿਆ - ਸਾਡੇ ਨਾਲ ਗੱਲ ਕੀਤੇ ਬਗੈਰ ਹੀ ਤੁਸੀਂ ਵਾਸੁਕੀ ਦੇ ਮੂੰਹ ਵਲ ਕਿਵੇਂ ਖੜੇ ਹੋ ਗਏ ਹੋ? ਇਹ ਫੈਸਲਾ ਅਸੀਂ ਸਾਰਿਆਂ ਮਿਲ ਕੇ ਕਰਨਾ ਹੈ ਕਿ ਵਾਸੁਕੀ ਨੂੰ ਮੂੰਹ ਵੱਲੋਂ ਕੌਣ ਫੜੇਗਾ ਅਤੇ ਪੂਛ ਵਲੋਂ ਕੌਣ?

ਰਾਕਸ਼ਾਂ ਦੇ ਮੁਖੀ ਦੀ ਇਸ ਗੱਲ ਤੇ ਦੇਵਰਾਜ ਇੰਦ੍ਰ ਬੋਲਿਆ- ਇਸ ਵਿਚ ਸੋਚਣਾ ਕੀ ਹੈ? ਅਸੀਂ ਦੇਵਤਾ ਹਾਂ। ਸਭ ਲੋਕ ਸਾਡਾ ਆਦਰ ਕਰਦੇ ਹਨ। ਸਮਾਜ ਵਿਚ ਸਾਡਾ ਵਿਸ਼ੇਸ਼ ਸਥਾਨ ਹੈ। ਅਸੀਂ ਵਾਸੁਕੀ ਨੂੰ ਪੂਛ ਵੱਲੋ ਕਿਵੇਂ ਫੜ ਸਕਦੇ ਹਾਂ? ਅਸੀਂ ਨਾਗਰਾਜ ਵਾਸੁਕੀ ਨੂੰ ਮੂੰਹ ਵੱਲੋਂ ਹੀ ਫੜਾਂਗੇ, ਤੁਸੀਂ ਰਾਕਸ਼ ਤਾਂ ਪੂਛ ਵੱਲੋਂ ਫੜੋਗੇ।

ਦੇਵਰਾਜ ਇੰਦ੍ਰ ਦੇ ਜਵਾਬ ਨਾਲ ਅਭਿਮਾਨੀ ਰਾਕਸ਼ਾਂ ਦਾ ਮੁਖੀ ਤਿਲਮਿਲਾ ਉਠਿਆ। ਉਹ ਬੜੇ ਅਭਿਮਾਨ ਨਾਲ ਬੋਲਿਆ - ਤੁਹਾਨੂੰ ਆਪਣੇ ਦੇਵਤੇ ਹੋਣ ਦਾ ਅਭਿਮਾਨ ਹੈ ਤਾਂ ਸਾਨੂੰ ਵੀ ਆਪਣੇ ਰਾਕਸ਼ ਹੋਣ ਦਾ ਮਾਣ ਹੈ। ਅਸੀਂ ਸ਼ਕਤੀ ਵਿਚ ਤੁਹਾਡੇ ਨਾਲੋ ਘੱਟ ਨਹੀਂ ਹਾਂ ਅਸੀਂ ਕਈ ਵਾਰ ਯੁੱਧ ਵਿਚ ਤੁਹਾਡੇ ਦੰਦ ਖੱਟੇ ਕਰ ਚੁੱਕੇ ਹਾਂ। ਅਸੀਂ ਤੁਹਾਡੇ ਦਬਾਅ ਵਿਚ ਆਉਣ ਵਾਲੇ ਨਹੀਂ। ਵਾਸੁਕੀ ਦੇ ਮੂੰਹ ਵਲ ਅਸੀਂ ਰਹਾਂਗੇ। ਤੁਹਾਨੂੰ ਵਾਸੁਕੀ ਨੂੰ ਪੂਛ ਵੱਲੋਂ ਫੜਨਾ ਪਏਗਾ।

ਦੇਵਰਾਜ ਇੰਦ੍ਰ ਨੇ ਬੜੇ ਜੋਸ਼ ਵਿਚ ਕਿਹਾ - ਇਹ ਅਸੰਭਵ ਹੈ। ਅਸੀਂ ਦੇਵਤੇ ਨਾਗਰਾਜ ਵਾਸੁਕੀ ਨੂੰ ਮੂੰਹ ਵੱਲੋਂ ਹੀ ਫੜਾਂਗੇ, ਪੂਛ ਵਲੋਂ ਤੁਹਾਨੂੰ ਫੜਨਾ ਪਏਗਾ। ਪੂਛ ਵਲ ਖੜੇ ਹੋ ਕੇ ਅਸੀਂ ਆਪਣਾ ਅਪਮਾਨ ਨਹੀਂ ਕਰਵਾ ਸਕਦੇ।

ਰਾਕਸ਼ਾਂ ਦੇ ਮੁਖੀ ਨੇ ਕਿਹਾ - ਤੁਹਾਡਾ ਅਪਮਾਨ ਹੋਵੇ ਜਾਂ ਸਨਮਾਨ, ਇਸ ਨਾਲ ਸਾਡਾ ਕੋਈ ਮਤਲਬ ਨਹੀਂ। ਜੇਕਰ ਸਮੁੰਦਰ ਰਿੜਕਣਾ ਚਾਹੁੰਦੇ ਹੋ ਤਾਂ ਤੁਹਾਨੂੰ ਸਾਡੀ ਗੱਲ ਮੰਨਣੀ ਹੀ ਪਏਗੀ। ਅਸੀਂ ਵਾਸੁਕੀ ਨੂੰ ਮੂੰਹ ਵੱਲੋ ਹੀ ਫੜਾਂਗੇ ਅਤੇ ਪੂਛ ਦੇਵਤੇ ਫੜਨਗੇ।

ਦੇਵਰਾਜ ਇੰਦ੍ਰ ਦੇ ਬੋਲਣ ਤੋਂ ਪਹਿਲਾਂ ਹੀ ਦੇਵਗੁਰੂ ਬ੍ਰਹਸਪਤੀ ਨੇ ਦੋਹਾਂ ਦੇ ਵਿਚ ਪੈ ਕੇ ਕਿਹਾ - ਦੇਵਰਾਜ ਇੰਦ੍ਰ ! ਇਹ ਸਮੇਂ ਅਸੀਂ ਅੜੇ ਰਹੇ ਤਾਂ ਸਮੁੰਦਰ ਨਹੀਂ ਰਿੜਕਿਆ ਜਾਵੇਗਾ। ਇਸ ਲਈ ਸਾਨੂੰ ਉਹ ਕੰਮ ਕਰਨਾ ਚਾਹੀਦਾ ਹੈ ਜਿਸ ਨਾਲ ਸਭ ਦਾ ਭਲਾ ਹੋਵੇ। ਇਸ ਵਿਚ ਸਾਡਾ ਸਭ ਦਾ ਸਨਮਾਨ ਹੈ।

ਫਿਰ ਦੇਵਗੁਰੂ ਬ੍ਰਹਸਪਤੀ ਨੇ ਰਾਕਸ਼ਾਂ ਦੇ ਮੁਖੀ ਨੂੰ ਕਿਹਾ - ਰਾਕਸ਼ਾਂ ਦੇ ਮੁਖੀ ਜੀ ! ਅਸੀਂ ਵਾਸੁਕੀ ਨੂੰ ਪੂਛ ਵੱਲੋਂ ਫੜ ਕੇ ਸਮੁੰਦਰ ਰਿੜਕਣ ਵਾਸਤੇ ਤਿਆਰ ਹਾਂ। ਆਪ ਸਾਰੇ ਰਾਕਸ਼ ਨਾਗਰਾਜ ਵਾਸੁਕੀ ਨੂੰ ਮੂੰਹ ਵਲੋਂ ਹੀ ਫੜੋ। ਹੁਣ ਜਲਦੀ ਕਰੋ ਤਾਂ ਕਿ ਕੰਮ ਆਰੰਭ ਕੀਤਾ ਜਾ ਸਕੇ।

ਰਾਕਸ਼ਾਂ ਨੇ ਵਾਸੁਕੀ ਨੂੰ ਮੂੰਹ ਵਲੋਂ ਫੜ ਲਿਆ ਅਤੇ ਦੇਵਤਿਆਂ ਨੇ ਪੂਛ ਵੱਲੋਂ। ਸਮੁੰਦਰ ਰਿੜਕਣਾ ਸ਼ੁਰੂ ਹੋ ਗਿਆ। ਜਿਵੇ-ਜਿਵੇਂ ਮੰਦ੍ਰਾਚਲ ਪਰਬਤ ਦੀ ਮਧਾਣੀ ਤੇਜ-ਤੇਜ ਘੁੰਮਣ ਲੱਗੀ ਤਿਵੇਂ-ਤਿਵੇਂ ਨਾਗਰਾਜ ਵਾਸੁਕੀ ਦੇ ਸਰੀਰ ਵਿਚ ਪੀੜ ਉਠੱਣ ਲੱਗੀ।

ਕ੍ਰੋਧ ਵਿਚ ਆ ਕੇ ਨਾਗਰਾਜ ਵਾਸੁਕੀ ਫੁੰਕਾਰਨ ਲੱਗਾ ਅਤੇ ਉਸ ਨੇ ਕਈ ਰਾਕਸ਼ਾਂ ਨੂੰ ਡੰਕ ਮਾਰ ਦਿੱਤਾ। ਉਸ ਦੀ ਫੁੰਕਾਰ ਤੋਂ ਨਿਕਲੇ ਜ਼ਹਿਰ ਨਾਲ ਕਈ ਰਾਕਸ਼ ਬੇਹੋਸ਼ ਹੋ ਗਏ ਪਰ ਦੇਵਤੇ ਬਿਨਾ ਕਿਸੇ ਨੁਕਸਾਨ ਦੇ ਸਮੁੰਦਰ ਨੂੰ ਰਿੜਕਣ ਦਾ ਕੰਮ ਪੂਰਾ ਕਰ ਗਏ।

ਪਿਆਰੇ ਬੱਚਿਉ ! ਅਭਿਮਾਨੀ ਵਿਅਕਤੀ ਦੀ ਐਸੀ ਹੀ ਦੁਰਗਤੀ ਹੁੰਦੀ ਹੈ। ਜੇਕਰ ਰਾਕਸ਼ ਵਿਅਰਥ ਦਾ ਅਭਿਮਾਨ ਨਾ ਕਰਦੇ ਤਾਂ ਉਹਨਾਂ ਦਾ ਐਨਾ ਨੁਕਸਾਨ ਨਾ ਹੁੰਦਾ।

ਧੰਨਵਾਦ ਸਹਿਤ
ਕਹਾ ਆਪ ਸੇ ਸੁਨਾ ਆਪ ਸੇ ਵਿਚੋਂ

❑ ਲਛਮੀਕਾਂਤਾ ਚਾਵਲਾ

ਭਾਰਤ ਮਾਂ ਦੇ ਦੋ ਮਹਾਨ ਸਪੂਤ

ਮਦਨਲਾਲ ਢੀਂਗਰਾ ਤੇ ਸ਼ਹੀਦ ਊਧਮ ਸਿੰਘ

ਮਦਨਲਾਲ ਢੀਂਗਰਾ – ਦੇਸ਼ ਭਗਤਾਂ ਨੂੰ ਰਾਸ਼ਟਰ ਦੀ ਸੁਤੰਤਰਤਾ ਆਪਣੀ ਜਵਾਨੀ ਤੋਂ ਜਿਆਦਾ ਪਿਆਰੀ ਹੁੰਦੀ ਹੈ। ਮਾਤਭੂਮੀ ਲਈ ਤਖਤੇ ਲੰਦਨ ਉਤੇ ਭਾਰਤ ਦੀ ਤੇਗ ਚਲਾਉਣ ਦੀ ਭਾਵਨਾ ਨਾਲ ਪ੍ਰੇਰਿਤ ਹੋ ਕੇ ਹੀ ਅੰਮ੍ਰਿਤਸਰ ਦੇ ਪੁੱਤਰ ਅਤੇ ਭਾਰਤ ਦੇ ਲਾਡਲੇ ਮਦਨਲਾਲ ਢੀਂਗਰਾ ਦੀ ਪਿਸਤੌਲ ਸੰਨ 1908 ਵਿਚ ਲੰਦਨ ਵਿਚ ਗਰਜ ਉਠੀ। ਭਾਰਤੀ ਵਿਦਿਆਰਥੀਆਂ ਦਾ ਅਪਮਾਨ ਕਰਨ ਵਾਲੇ ਕਰਜਨ ਵਾਏਲੀ ਨੂੰ ਮਦਨ ਦੀ ਗੋਲੀ ਨੇ ਠੰਡਾ ਕਰ ਦਿੱਤਾ।

ਭਾਰਤ ਦਾ ਸਪੂਤ ਮਦਨ ਬੜੀ ਮਸਤੀ ਨਾਲ ਇਕੱਲਾ ਹੀ ਪੈਟਨ, ਵਿਲੇ ਜੇਲ ਲੰਦਨ ਦੀ ਕਾਲ-ਕੋਠਰੀ ਵਿਚ ਮੌਤ ਨਾਲ ਗਲੇ ਮਿਲਿਆ। ਉਸ ਨੇ ਸ਼ਾਨ ਨਾਲ ਸ਼ਹਾਦਤ ਦਾ ਜਾਮ ਪੀਤਾ। ਇਹ ਵੱਖਰੀ ਗੱਲ ਹੈ ਕਿ ਅਸੀਂ ਅਜਾਦ ਭਾਰਤ ਦੇ ਲੋਕ ਉਸ ਦੀ ਚਿਤਾ ਤੇ ਮੇਲਾ ਲਾਉਣ ਦੀ ਫੁਰਸਤ ਨਹੀਂ ਕਰ ਸਕੇ।

ਸ਼ਹੀਦ ਊਧਮ ਸਿੰਘ – ਮੈਂ ਆਪਣੀਆਂ ਅੱਖਾਂ ਨਾਲ ਲੰਦਨ ਦੇ ਵਿਚਕਾਰ ਬਣੇ ਕੈਕਸਟਨ ਹਾਲ ਨੂੰ ਵੇਖਿਆ ਹੈ ਜਿਥੇ 13 ਮਾਰਚ ਸੰਨ 1940 ਨੂੰ ਇਸ ਹਾਲ ਦੇ ਕੇਂਦਰੀ ਕਮਰੇ ਵਿਚ ਉਸ ਵੇਲੇ ਗੋਲੀ ਚੱਲੀ ਜਦੋਂ ਈਸਟ ਇੰਡੀਆ ਐਸੋਸੀਏਸ਼ਨ ਅਤੇ ਰਾਇਲ ਸੈਂਟਰਲ ਐਸੋਸੀਏਸ਼ਨ ਸੋਸਾਈਟੀ ਵੱਲੋਂ ਮਿਲ ਕੇ ਇਕ ਜਲਸਾ ਕੀਤਾ ਜਾ ਰਿਹਾ ਸੀ। ਇਸ ਜਲਸੇ ਵਿਚ ਬੈਠਾ ਨੌਜਵਾਨ ਊਧਮ ਸਿੰਘ ਇਹ ਭੁੱਲ ਨਹੀਂ ਸਕਿਆ ਸੀ ਕਿ ਜਲਿਆਂ ਵਾਲਾ ਬਾਗ ਅਮ੍ਰਿਤਸਰ ਵਿਚ ਨਿਹੱਥੇ ਭਾਰਤੀਆਂ ਉਤੇ ਗੋਲੀਆਂ ਦੀਆਂ ਬੌਛਾਰਾਂ ਮਸ਼ੀਨਗਨਾਂ ਨਾਲ ਕੀਤੀਆਂ ਗਈਆਂ ਸਨ। 13 ਮਾਰਚ 1940 ਨੂੰ ਚਲੀਆਂ 3 ਗੋਲੀਆਂ ਵਿਚ ਇਕ ਰਾਸ਼ਟਰ ਭਗਤ ਸ਼ਹੀਦ ਊਧਮ ਸਿੰਘ ਦਾ ਆਤਮ-ਵਿਸ਼ਵਾਸ ਸੀ। ਇਹਨਾਂ ਗੋਲੀਆਂ ਨਾਲ ਮਾਈਕਲ ਉਡਵਾਇਰ ਦੀ ਛਾਤੀ ਤੋਂ ਜੋ ਖੂਨ ਨਿਕਲਿਆ, ਭਾਰਤ ਦੇ ਸ਼ਾਨਦਾਰ ਬੇਟੇ ਊਧਮ ਸਿੰਘ ਨੇ ਜੋ ਕਰ ਦਿਤਾ, ਉਸ ਨਾਲ ਭਾਰਤ ਦੇ ਮੱਥੇ ਤੇ ਜਲਿਆਂਵਾਲਾ ਬਾਗ ਵਿਚ ਲਗਿਆ ਅਪਮਾਨ ਦਾ ਕਲੰਕ ਧੁਲ ਗਿਆ। ਮਾਂ ਦਾ ਸਿਰ ਉਚੱਾ ਹੋਇਆ, ਗੁਲਾਮ ਭਾਰਤ ਦੀ ਸੁਤੰਤਰ ਆਤਮਾ ਖਿਲਖਿਲਾ ਉਠੀ ਅਤੇ ਭਾਰਤ ਵਾਸੀਆਂ ਨੂੰ ਆਪਣੀ ਸੁਤੰਤਰਤਾ ਨੇੜੇ ਦਿਸਣ ਲੱਗੀ। ਉਸ ਵੇਲੇ ਕ੍ਰਾਂਤੀ ਨਾਇਕ ਦਾ ਉਤੱਰ ਸੀ :

ਬਾਗੀਆਂ ਵਿਚ ਬੂ ਰਹੇਗੀ ਜਦੋਂ ਤਕ ਈਮਾਨ ਦੀ।
ਤਖਤੇ ਲੰਦਨ ਤਕ ਚਲੇਗੀ ਤੇਗ ਹਿੰਦੁਸਤਾਨ ਦੀ।

ਮਾਈਕਲ ਉਡਵਾਇਰ ਦਾ ਕੰਮ ਤਮਾਮ ਕਰਨ ਤੋਂ ਬਾਅਦ ਨਾ ਤਾਂ ਉਸ ਨੇ ਇਕ ਵੀ ਗੋਲੀ ਚਲਾਈ ਅਤੇ ਨਾ ਹੀ ਉਥੋਂ ਭਜਣ ਦੀ ਕੋਸ਼ਿਸ਼ ਕੀਤੀ। ਹਿਮਾਲੀਆ ਦੀ ਤਰ੍ਹਾਂ ਮਜ਼ਬੂਤ ਅਤੇ ਗਹਿਰੀ ਗੰਭੀਰ ਆਵਾਜ਼ ਵਿਚ ਉਸ ਨੇ ਸਵੀਕਾਰ ਕੀਤਾ – ਹਾਂ ! ਮੈ ਗੋਲੀ ਚਲਾਈ ਹੈ, ਉਡਵਾਇਰ ਨੂੰ ਮਾਰਿਆ ਹੈ। ਮੈਨੂੰ ਕਿਸੇ ਕੌਮ ਜਾਂ ਦੇਸ਼ ਨਾਲ ਨਫਰਤ ਨਹੀਂ ਬਲਕਿ ਇਹ ਇਕ ਹਤਿਆਰੇ

ਅਫਸਰ ਨੂੰ ਉਸ ਦੇ ਕਰਮਾਂ ਦਾ ਫਲ ਦਿੱਤਾ ਹੈ। ਜੇਕਰ ਮੈਂ ਇਹ ਕੰਮ ਨਾ ਕਰਦਾ ਤਾਂ ਆਪਣੇ ਕਰਤਵ ਦੇ ਪ੍ਰਤੀ ਲਾਪਰਵਾਹ ਹੋਣ ਦਾ ਅਪਰਾਧੀ ਹੁੰਦਾ।'' ਵੈਸੇ ਸ਼ਹੀਦ ਉਧਮ ਸਿੰਘ ਨੂੰ ਇਹ ਦੁਖ ਜ਼ਰੂਰ ਸੀ ਕਿ ਜਨਰਲ ਡਾਇਰ ਉਸ ਦੇ ਪਹੁੰਚਣ ਤੋਂ ਪਹਿਲਾਂ ਹੀ ਇਸ ਸੰਸਾਰ ਚੋਂ ਜਾ ਚੁਕਿਆ ਸੀ ਅਤੇ ਉਹ ਡਾਇਰ ਨੂੰ ਆਪਣੇ ਹੱਥਾਂ ਨਾਲ ਮਾਰ ਨਾ ਸਕਿਆ।

ਭਾਰਤ ਦੇ ਸ਼ੇਰ ਪੁੱਤਰ ਚੂਹੜ ਰਾਮ ਅਤੇ ਮਾਂ ਨਾਰਾਇਣੀ ਦਾ ਬੇਟਾ ਉਧਮ ਸਿੰਘ ਸੰਸਾਰਿਕ ਦ੍ਰਿਸ਼ਟੀ ਤੋਂ ਖੁਦ ਕਿਸਮਤ ਵਾਲਾ ਨਹੀਂ ਸੀ।ਬਚਪਨ ਵਿਚ ਹੀ ਉਸ ਦੇ ਮਾਤਾ ਪਿਤਾ ਦੀ ਮੌਤ ਹੋ ਗਈ ਸੀ ਅਤੇ ਆਪਣੇ ਵੱਡੇ ਭਰਾ ਦੇ ਨਾਲ ਉਧਮ ਸਿੰਘ ਅੰਮ੍ਰਿਤਸਰ ਦੇ ਖਾਲਸਾ ਅਨਾਥ ਆਸ਼ਰਮ ਵਿਚ ਜਾ ਕੇ ਸਿਖਿਆ ਪ੍ਰਾਪਤ ਕਰਨ ਲੱਗੇ। ਕੁਦਰਤ ਦਾ ਕਹਿਰ ਇਥੇ ਵੀ ਖਤਮ ਨਹੀਂ ਹੋਇਆ ਅਤੇ ਉਧਮ ਸਿੰਘ ਦਾ ਭਰਾ ਵੀ ਜੀਵਨ ਯਾਤਰਾ ਵਿਚ ਇਸ ਨੂੰ ਇਕੱਲਾ ਛੱਡ ਕੇ ਪ੍ਰਭੂ ਚਰਣਾ ਵਿਚ ਸਮਾ ਗਿਆ। ਇਹਨਾਂ ਦਿਨਾਂ ਵਿਚ ਅੰਮ੍ਰਿਤਸਰ ਵਿਚ ਜਲਿਆਂਵਾਲਾ ਬਾਗ ਦਾ ਖੂਨੀ ਕਾਂਡ ਹੋਇਆ। ਉਸ ਵੇਲੇ ਸੇਵਾ ਦੇ ਕੰਮਾਂ ਲਈ ਉਧਮ ਸਿੰਘ ਜਲਿਆਂਵਾਲਾ ਬਾਗ ਵਿਚ ਸੀ। ਗੋਲੀਆਂ ਦੀਆਂ ਆਵਾਜ਼ਾਂ ਜ਼ਖਮੀਆਂ ਦੀ ਚੀਖ-ਪੁਕਾਰ, ਸ਼ਹੀਦਾਂ ਦੇ ਰਿਸ਼ਤੇਦਾਰਾਂ ਦਾ ਰੋਣਾ-ਕੁਰਲਾਉਣਾ ਅਤੇ ਮਾਈਕਲ ਉਡਵਾਇਰ ਦਾ ਕਹਿਰ ਬਾਲਕ ਉਧਮ ਸਿੰਘ ਦੇ ਦੇਸ਼-ਭਗਤ ਕੋਮਲ ਦਿਲ ਨੂੰ ਵਿੰਨ ਗਿਆ। ਗੁਲਾਮ ਦੇਸ਼ ਅਤੇ ਦੇਸ਼ਵਾਸੀਆਂ ਦੀ ਬੇਬਸੀ ਦਾ ਅਹਿਸਾਸ ਉਹ ਦਿਲ ਦੀ ਗਹਿਰਾਈ ਤੋਂ ਕਰਨ ਲੱਗਾ। ਬੜੀ ਹੀ ਕਰੂਰਤਾ ਦੇ ਨਾਲ ਨਿਹੱਥੇ ਦੇਸ਼ ਵਾਸੀਆਂ ਨੂੰ ਗੋਲੀਆਂ ਨਾਲ ਭੁੰਨ ਦੇਣ ਵਾਲਿਆਂ ਦੇ ਪ੍ਰਤੀ ਨਫਰਤ ਨਾਲ ਉਸ ਦਾ ਮਨ ਭਰ ਗਿਆ ਅਤੇ ਤਦ ਹੀ ਉਸ ਨੇ ਇਹਨਾਂ ਕਰੂਰ ਸ਼ਾਸਕਾਂ ਕੋਲੋਂ ਭਾਰਤ ਦੇ ਅਪਮਾਨ ਦਾ ਬਦਲਾ ਲੈਣ ਦਾ ਇਰਾਦਾ ਕੀਤਾ ਜੋ 21 ਸਾਲਾਂ ਦੀ ਕਠੋਰ ਸਾਧਨਾ ਤੋਂ ਬਾਅਦ ਪੂਰਾ ਕੀਤਾ। ਕਿੰਨਾ ਸੱਚ ਲਿਖਿਆ ਹੈ ਇਕ ਕਵੀ ਨੇ –

ਸ਼ਹੀਦ ਤੇਰੀ ਮੌਤ ਹੀ, ਤੇਰੇ ਵਤਨ ਦੀ ਜਿੰਦਗੀ।
ਤੇਰੇ ਲਹੂ ਨਾਲ ਜਾਗ ਉਠੇਗੀ, ਇਸ ਚਮਨ ਦੀ ਜਿੰਦਗੀ।

ਉਧਮ ਸਿੰਘ ਦੀ ਰਾਹ ਮੁਸ਼ਕਿਲ ਸੀ। ਮਾਤਾ-ਪਿਤਾ ਨਾਲੋਂ ਵੰਚਿਤ, ਭਰਾ ਦੀ ਮੌਤ ਤੋਂ ਆਹਤ ਧਨ-ਦੌਲਤ ਤੋਂ ਗਰੀਬ ਪਰ ਇਰਾਦਿਆਂ ਦਾ ਅਮੀਰ। ਰਾਸ਼ਟਰ ਪ੍ਰੇਮ ਤੋਂ ਮਾਲਾਮਾਲ ਉਧਮ ਸਿੰਘ ਅਨਾਥ-ਆਸ਼ਰਮ ਨੂੰ ਛੱਡ ਕੇ ਇਕ ਠੇਕੇਦਾਰ ਨਾਲ ਅਫਰੀਕਾ ਗਿਆ ਅਤੇ ਉਥੋਂ ਅਮਰੀਕਾ ਪਹੁੰਚਿਆ । ਅਮਰੀਕਾ ਦੀ ਆਜਾਦ ਹਵਾ ਨੇ ਉਧਮ ਸਿੰਘ ਦੇ ਇਰਾਦੇ ਨੂੰ ਹੋਰ ਵੀ ਬਲ ਦਿੱਤਾ। ਅਮਰੀਕਾ ਵਿਚ ਇਹਨਾਂ ਦਾ ਸੰਪਰਕ ਉਹਨਾਂ ਸੰਗਠਨਾਂ ਅਤੇ ਵਿਅਕਤੀਆਂ ਨਾਲ ਹੋਇਆ ਜੋ ਭਾਰਤ ਤੋਂ ਗੁਲਾਮੀ ਦੀਆਂ ਜੜ੍ਹਾਂ ਨੂੰ ਉਖਾੜਨਾ ਚਾਹੁੰਦੇ ਸਨ। ਇਕ ਅਮਰੀਕਨ ਔਰਤ ਦੀ ਮਦਦ ਨਾਲ ਕੁਝ ਹਥਿਆਰਾਂ ਨਾਲ ਉਧਮ ਸਿੰਘ ਵਾਪਸ ਭਾਰਤ ਆਏ ਪਰ ਇਹਨਾਂ ਨੂੰ ਫੜ ਲਿਆ ਗਿਆ ਅਤੇ 4 ਸਾਲ ਜੇਲ ਵਿਚ ਰਹੇ। ਇਸ ਤੋਂ ਬਾਅਦ ਉਧਮ ਸਿੰਘ ਨੇ ਆਪਣਾ ਨਾਂ ਰਾਮ ਮੁਹੰਮਦ ਸਿੰਘ ਰੱਖ ਕੇ ਇੰਗਲੈਂਡ, ਪੈਰਿਸ ਅਤੇ ਸਵਿਟਜ਼ਰਲੈਂਡ ਵਿਚ ਘੁੰਮਦੇ ਮਿਹਨਤ ਕਰਦੇ ਹੋਏ ਇਕ ਦਿਨ ਮੌਕਾ ਮਿਲ ਗਿਆ ਜਦੋਂ ਕੈਕਸਟਨ ਹਾਲ ਲੰਡਨ ਵਿਚ ਮਾਈਕਲ ਉਡਵਾਇਰ ਦੀ ਛਾਤੀ ਦੇ ਖੂਨ ਨਾਲ ਭਾਰਤ ਮਾਂ ਦੇ ਮੱਥੇ ਤੇ ਲੱਗਿਆ ਜਲਿਆਂਵਾਲਾ ਬਾਗ ਦੇ ਖੂਨੀ ਸਾਕੇ ਦਾ ਕਲੰਕ ਧੋ ਦਿੱਤਾ। ਅੰਗਰੇਜਾਂ ਦਾ ਅਦਾਲਤੀ ਨਾਟਕ ਹੋਇਆ। ਉਧਮ ਸਿੰਘ ਨੂੰ ਫਾਂਸੀ ਦੀ ਸਜ਼ਾ ਸੁਣਾਉਣ ਤੋਂ ਬਾਅਦ ਉਸ ਦੀ ਅੰਤਿਮ ਇੱਛਾ ਪੁੱਛੀ ਗਈ ਤਾਂ ਉਹ ਗਰਜ ਉਠਿਆ – ਭਾਰਤ ਦੀ ਆਜ਼ਾਦੀ।

ਫਿਰ ਪੁੱਛਿਆ – ਕੋਈ ਇਹੋ ਜਿਹੀ ਇਛੱਾ ਦੱਸੋ ਜੋ ਪੂਰੀ ਹੋ ਸਕੇ, ਤਾਂ ਉਸ ਨੇ ਕਿਹਾ ਉਸ ਦਾ ਸ਼ਰੀਰ ਭਾਰਤ ਭੇਜਿਆ ਜਾਵੇ ਪਰ ਉਹਨਾ ਨੇ ਇਹ ਵੀ ਪੂਰੀ ਨਹੀ ਕੀਤੀ। 31 ਜੁਲਾਈ 1940 ਨੂੰ ਉਧਮ ਸਿੰਘ ਨੂੰ ਫਾਂਸੀ ਦੇ ਦਿੱਤੀ ਗਈ।

ਵੈਸੇ ਅਸੀਂ ਬਹੁਤ ਘੱਟ ਅੰਮ੍ਰਿਤਵਾਸੀ ਜਾਣਦੇ ਹਾਂ ਕਿ ਤਖਤੇ ਲੰਦਨ ਤਕ ਭਾਰਤ ਦੀ ਤੇਗ ਚਲਾਉਣ ਵਾਲੇ ਮਦਨ ਅਤੇ ਉਧਮ ਸਾਡੀਆਂ ਗਲੀਆਂ ਵਿਚ ਖੇਡੇ ਹਨ। ਕਟੜਾ ਸ਼ੇਰ ਸਿੰਘ ਤੋਂ ਲੈ ਕੇ ਢਾਬ ਖਟੀਕਾਏਂ ਚੌਕ ਫੂੱਲਾਂ ਵਾਲਾ, ਬਾਜ਼ਾਰ ਬਾਂਸਾ, ਮਾਈ ਸੇਵਾ ਅਤੇ ਘੰਟਾਘਰ ਚੌਕ ਵਿਚ ਹੀ ਭਾਰਤ ਦੇ ਇਹ ਦੋ ਮਹਾਨ ਬੇਟੇ ਹੱਸਦੇ-ਖੇਡਦੇ ਰਹੇ ਅਤੇ ਪੜ੍ਹਦੇ ਰਹੇ। ਇਹਨਾ ਸ਼ਹੀਦਾਂ ਦੇ ਲਹੂ ਬਾਰੇ ਇਕ ਕਵੀ ਨੇ ਲਿਖਿਆ ਹੈ –

ਸਾਡੇ ਖੂਨ ਦੀ ਧਾਕ ਹੈ ਜਗ ਉਤੇ
ਮੂੰਹ ਜੁਲਮ ਦੀ ਛੁਰੀ ਦਾ ਮੋੜ ਦਿੰਦਾ।
ਜਦੋਂ ਡੁੱਲਦਾ ਖੂਨ ਸ਼ਹੀਦੀਆਂ ਦਾ
ਬੇੜੀ ਪਾਪ ਦੀ ਤੁਰੰਤ ਹੀ ਰੋੜ ਦਿੰਦਾ।

ਵਿਗਿਆਨ ਪ੍ਰਸ਼ਨੋਤਰੀ

❒ ਘਮੰਡੀਲਾਲ ਅਗਰਵਾਲ

ਪ੍ਰਸ਼ਨ : ਕੱਚ ਕਿਵੇਂ ਬਣਦਾ ਹੈ?

ਉੱਤਰ : ਕੱਚ ਦੇ ਨਿਰਮਾਣ ਵਿਚ ਸਿਲਿਕਾ, ਸੋਡਾ, ਰਾਖ ਅਤੇ ਚੂਨੇ ਦਾ ਪੱਥਰ ਪ੍ਰਯੋਗ ਕੀਤੇ ਜਾਂਦੇ ਹਨ। ਇਹਨਾਂ ਪਦਾਰਥਾਂ ਨੂੰ ਮਿਲਾ ਕੇ ਭੱਠੀ ਵਿਚ 1400 ਸੈਲਸੀਅਸ ਤਕ ਗਰਮ ਕੀਤਾ ਜਾਂਦਾ ਹੈ। ਇਹਨਾਂ ਦਾ ਮਿਸ਼ਰਣ ਜਦ ਗਲ ਜਾਵੇ ਤਾਂ ਸਿਲੀਕੈਂਟੋ ਦਾ ਮਿਸ਼ਰਣ ਪ੍ਰਾਪਤ ਹੁੰਦਾ ਹੈ। ਕਾਰਬਨਡਾਈਆਕਸਾਈਡ ਮੁਕਤ ਹੋਣ ਤਕ ਇਸ ਨੂੰ ਗਰਮ ਕੀਤਾ ਜਾਂਦਾ ਹੈ। ਫਿਰ ਇਸ ਤਰਲ ਮਿਸ਼ਰਣ ਨੂੰ ਹੌਲੀ-ਹੌਲੀ ਠੰਡਾ ਕਰ ਕੇ ਕੱਚ ਬਣਾਇਆ ਜਾਂਦਾ ਹੈ।

ਪ੍ਰਸ਼ਨ : ਮੱਛੀਆ ਪਾਣੀ ਵਿਚ ਕਿਵੇਂ ਜਿੰਦਾ ਰਹਿੰਦੀਆਂ ਹਨ?

ਉੱਤਰ : ਆਮ ਤੌਰ ਤੇ ਜੀਵਧਾਰੀਆਂ ਨੂੰ ਜਿੰਦਾ ਰਹਿਣ ਲਈ ਆਕਸੀਜਨ ਗੈਸ ਦੀ ਜ਼ਰੂਰਤ ਹੁੰਦੀ ਹੈ। ਮੱਛੀਆਂ ਨੂੰ ਵੀ ਸਾਹ ਲੈਣ ਲਈ ਆਕਸੀਜਨ ਚਾਹੀਦੀ ਹੈ। ਆਕਸੀਜਨ ਪਾਣੀ ਵਿਚ ਘੁਲਣਸ਼ੀਲ ਹੈ। ਜਦ ਮੱਛੀਆਂ ਪਾਣੀ ਮੂੰਹ ਵਿਚ ਲੈਂਦੀਆਂ ਹਨ ਤਾਂ ਪਾਣੀ ਗਲਫੜਿਆਂ ਦੇ ਉਪਰ ਤੋਂ ਗੁਜ਼ਰਦਾ ਹੈ। ਗਲਫੜਿਆਂ ਦੁਆਰਾ ਪਾਣੀ ਦੀ ਆਕਸੀਜਨ ਗ੍ਰਹਿਣ ਕਰ ਲਈ ਜਾਂਦੀ ਹੈ ਜੋ ਕੋਸ਼ਿਕਾਵਾਂ ਵਿਚ ਪ੍ਰਵੇਸ਼ ਕਰਦੀ ਹੈ। ਇਸ ਤੋਂ ਬਾਅਦ ਇਹ ਪੂਰੇ ਸ਼ਰੀਰ ਵਿਚ ਪਹੁੰਚ ਜਾਂਦੀ ਹੈ। ਇਸ ਪ੍ਰਕਾਰ ਮੱਛੀਆਂ ਪਾਣੀ ਵਿਚ ਜਿੰਦਾ ਰਹਿੰਦੀਆਂ ਹਨ।

ਪ੍ਰਸ਼ਨ : ਥਰਮਾਮੀਟਰ ਵਿਚ ਪਾਰੇ ਦਾ ਉਪਯੋਗ ਕਿਉਂ ਕੀਤਾ ਜਾਂਦਾ ਹੈ?

ਉੱਤਰ : ਤੁਹਾਨੂੰ ਕਦੇ ਵੀ ਤੇਜ਼ ਬੁਖਾਰ ਆਉਂਦਾ ਹੈ ਤਾਂ ਡਾਕਟਰ ਸਭ ਤੋਂ ਪਹਿਲਾਂ ਤੁਹਾਡੇ ਸ਼ਰੀਰ ਦਾ ਤਾਪਮਾਨ ਨੋਟ ਕਰਦਾ ਹੈ। ਤਾਪਮਾਨ ਜਾਨਣ ਲਈ ਜੋ ਉਪਕਰਣ ਕੰਮ ਵਿਚ ਆਉਂਦਾ ਹੈ ਉਸ ਨੂੰ ਥਰਮਾਮੀਟਰ ਕਹਿੰਦੇ ਹਨ। ਇਸ ਥਰਮਾਮੀਟਰ ਵਿਚ ਪਾਰੇ ਦਾ ਉਪਯੋਗ ਕੀਤਾ ਜਾਂਦਾ ਹੈ। ਜਾਣਦੇ ਹੋ ਕਿਉਂ?

ਦਰਅਸਲ ਇਸ ਦੇ ਕਈ ਕਾਰਨ ਹਨ। ਇਕ ਤਾਂ ਪਾਰਾ ਚਮਕਦਾਰ ਹੁੰਦਾ ਹੈ ਜਿਸ ਕਰਕੇ ਇਸ ਨੂੰ ਵੇਖਣਾ ਆਸਾਨ ਰਹਿੰਦਾ ਹੈ। ਦੂਸਰਾ, ਘੱਟ ਅਤੇ ਜ਼ਿਆਦਾ ਤਾਪਕ੍ਰਮ ਉਤੇ ਇਸ ਦਾ ਪ੍ਰਸਾਰ ਅਤੇ ਸਿਕੁੜਨਾ ਵੀ ਸਮਾਨ ਰੂਪ ਨਾਲ ਹੁੰਦਾ ਹੈ। ਇਸ ਦੇ ਇਲਾਵਾ ਥਰਮਾਮੀਟਰ ਦੀ ਅੰਦਰਲੀਆਂ ਦੀਵਾਰਾਂ ਤੇ ਪਾਰਾ ਚਿਪਕਦਾ ਨਹੀਂ ਹੈ।

ਬਾਲ-ਗੀਤ - ਹਰਪਾਲ ਸਨੇਹੀ

ਫਸਟ ਮੈਂ ਆਈ ਅੰਮੀਏਂ

ਇਹਨਾਂ ਪੇਪਰਾਂ ਚੋਂ ਫਸਟ ਮੈਂ ਆਈ ਅੰਮੀਏਂ।
ਮੈਨੂੰ ਟੀਚਰਾਂ ਨੇ ਦਿੱਤੀ ਏ ਵਧਾਈ ਅੰਮੀਏਂ।

ਹਰ ਰੋਜ਼ ਦੱਬ ਕੇ ਮੈਂ ਕੀਤੀ ਸੀ ਪੜ੍ਹਾਈ ।
ਕੀਤੀ ਸੀ ਮਿਹਨਤ ਜੋ ਰੰਗ ਹੈ ਲਿਆਈ।
ਮੇਰੀ ਮਿਹਨਤ ਨਾ ਗਈ ਹੈ ਅਜਾਈਂ ਅੰਮੀਏ।
ਇਹਨਾਂ ਪੇਪਰਾਂ ਚੋਂ ਫਸਟ ਮੈਂ ਆਈ ਅੰਮੀਏਂ।

ਜਦੋਂ ਬੋਲਿਆ ਨਤੀਜਾ ਮੈਂ ਤਾਂ ਫੁੱਲੀ ਨਾ ਸਮਾਈ।
ਪ੍ਰਿੰਸੀਪਲ ਜੀ ਨੇ ਮੇਰੀ ਜਾਣ-ਪਹਿਚਾਣ ਕਰਵਾਈ।
ਮੈਨੂੰ ਵਡਮੁੱਲੀ ਲੱਗੀ ਇਹ ਕਮਾਈ ਅੰਮੀਏ।
ਇਹਨਾਂ ਪੇਪਰਾਂ ਚੋਂ ਫਸਟ ਮੈਂ ਆਈ ਅੰਮੀਏਂ।

ਨਕਲ ਦੇ ਉਤੇ ਜਿੰਨ੍ਹਾਂ ਰੱਖੀ ਹੋਈ ਸੀ ਆਸ।
ਉਹ ਨਹੀਂ ਹੋਏ ਪਾਸ ਤਾਂ ਬੈਠੇ ਸੀ ਉਦਾਸ।
ਜਾਂਦੇ ਵਾਰ-ਵਾਰ ਉਹ ਤਾਂ ਪਛਤਾਈ ਅੰਮੀਏਂ।
ਇਹਨਾਂ ਪੇਪਰਾਂ ਚੋਂ ਫਸਟ ਮੈਂ ਆਈ ਅੰਮੀਏਂ।

ਅੱਗੋਂ ਵੀ ਕਲਾਸ ਵਿਚੋਂ ਫਸਟ ਮੈਂ ਹੈ ਆਉਣਾ।
ਸਾਰੇ ਪਰਿਵਾਰ ਦਾ ਮੈਂ ਨਾਮ ਚਮਕਾਉਣਾ।
ਇਹੋ ਗੱਲ ਮੈਂ ਤਾਂ ਦਿਲ 'ਚ ਵਸਾਈ ਅੰਮੀਏਂ।
ਇਹਨਾਂ ਪੇਪਰਾਂ ਚੋਂ ਫਸਟ ਮੈਂ ਆਈ ਅੰਮੀਏਂ।

❑ ਸ਼ਸ਼ੀਕਾਂਤ

ਧਰਮਾਤਮਾਂ ਦੀ ਖੋਜ

ਇਕ ਰਾਜਾ ਦੇ ਚਾਰ ਪੁੱਤਰ ਸਨ। ਇਕ ਦਿਨ ਰਾਜਾ ਨੇ ਉਹਨਾਂ ਨੂੰ ਬੁਲਾ ਕੇ ਕਿਹਾ – ਜਾਉ ਕਿਸੇ ਧਰਮਾਤਮਾਂ ਨੂੰ ਲੱਭ ਕੇ ਲਿਆਉ। ਜੋ ਸਭ ਤੋਂ ਵੱਡੇ ਧਰਮਾਤਮਾਂ ਨੂੰ ਲਿਆਏਗਾ ਉਸ ਨੂੰ ਹੀ ਰਾਜਗੱਦੀ ਮਿਲੇਗੀ।

ਚਾਰੇ ਪੁੱਤਰ ਚਲੇ ਗਏ। ਕੁਝ ਦਿਨ ਬਾਅਦ ਵੱਡਾ ਪੁਤਰ ਵਾਪਸ ਆਇਆ। ਉਹ ਆਪਣੇ ਨਾਲ ਇਕ ਸੇਠ ਨੂੰ ਲੈ ਕੇ ਆਇਆ। ਉਸ ਨੇ ਰਾਜਾ ਨੂੰ ਕਿਹਾ – ਮਹਾਰਾਜ ! ਇਹ ਸੇਠ ਜੀ ਬਹੁਤ ਦਾਨ ਕਰਦੇ ਹਨ। ਇਹਨਾਂ ਨੇ ਕਈ ਮੰਦਿਰ ਬਣਾਏ, ਤਲਾਬ ਖੁਦਵਾਏ, ਪਿਆਊ ਲਗਵਾਏ ਅਤੇ ਇਹ ਸਾਧੂ-ਸੰਤਾਂ ਨੂੰ ਰੋਜ਼ ਭੋਜਨ ਕਰਵਾਉਂਦੇ ਹਨ।

ਰਾਜਾ ਨੇ ਇਹ ਸੁਣ ਕੇ ਸੇਠ ਜੀ ਦਾ ਬਹੁਤ ਸਤਿਕਾਰ ਕੀਤਾ ਅਤੇ ਫਿਰ ਸੇਠ ਜੀ ਚਲੇ ਗਏ।

ਇਸ ਤੋਂ ਬਾਅਦ ਦੂਜਾ ਪੁੱਤਰ ਇਕ ਬ੍ਰਾਹਮਣ ਨੂੰ ਲੈ ਕੇ ਆਇਆ ਅਤੇ ਕਿਹਾ – ਇਹ ਮਹਾਰਾਜ ਚਾਰਾਂ ਧਾਮਾਂ ਦੀ ਪੈਦਲ ਯਾਤਰਾ ਕਰਕੇ ਆਏ ਹਨ। ਵ੍ਰਤ ਰਖਦੇ ਹਨ ਤੇ ਕਦੇ ਵੀ ਝੂਠ ਨਹੀਂ ਬੋਲਦੇ। ਰਾਜਾ ਨੇ ਬ੍ਰਾਹਮਣ ਨੂੰ ਦਾਨ ਦੇ ਕੇ ਵਿਦਾ ਕਰ ਦਿੱਤਾ।

ਫਿਰ ਤੀਜਾ ਪੁੱਤਰ ਇਕ ਸਾਧੂ ਨੂੰ ਲੈ ਕੇ

ਆਇਆ। ਸਾਧੂ ਨੇ ਆਉਂਦੇ ਹੀ ਇਕ ਆਸਣ ਲਗਾਇਆ ਅਤੇ ਅੱਖਾਂ ਬੰਦ ਕਰਕੇ ਧਿਆਨ ਕਰਨ ਲੱਗਾ। ਰਾਜਾ ਦੇ ਪੁੱਤਰ ਨੇ ਸਾਧੂ ਦੇ ਬਾਰੇ ਦੱਸਿਆ। ਇਹ ਬਹੁਤ ਤਪੱਸਿਆ ਕਰਦੇ ਹਨ ਪਰ ਦਿਨ ਵਿਚ ਕੇਵਲ ਇਕ ਵਾਰੀ ਹੀ ਭੋਜਨ ਕਰਦੇ ਹਨ। ਠੰਡ ਵਿਚ ਠੰਢੇ ਪਾਣੀ ਵਿਚ ਖੜੇ ਹੋ ਕੇ ਰੱਬ ਦਾ ਧਿਆਨ ਕਰਦੇ ਹਨ। ਰਾਜਾ ਨੇ ਉਹਨਾਂ ਦਾ ਵੀ ਬਹੁਤ ਸਤਿਕਾਰ ਕੀਤਾ। ਉਸ ਤੋਂ ਬਾਅਦ ਉਹ ਚਲੇ ਗਏ।

ਚੌਥਾ ਪੁੱਤਰ ਜਦ ਵਾਪਸ ਆਇਆ ਤਾਂ ਆਪਣੇ ਨਾਲ ਮੈਲੇ ਕਪੜੇ ਪਾਏ ਹੋਏ ਇਕ ਪਿੰਡ ਵਾਲੇ ਆਦਮੀ ਨੂੰ ਲੈ ਕੇ ਆਇਆ ਅਤੇ ਕਿਹਾ – ਇਹ ਇਕ ਕੁੱਤੇ ਦੇ ਜ਼ਖਮ ਧੋ ਰਹੇ ਸਨ। ਮੈਂ ਇਹਨਾਂ ਨੂੰ ਨਹੀਂ ਜਾਣਦਾ। ਤੁਸੀਂ ਹੀ ਪੁੱਛ ਲਉ ਧਰਮਾਤਮਾਂ ਹੈ ਜਾਂ ਨਹੀਂ?

ਰਾਜਾ ਨੇ ਪੁੱਛਿਆ – ਕੀ ਤੁਸੀਂ ਧਰਮ-ਕਰਮ ਕਰਦੇ ਹੋ? ਪਿੰਡ ਵਾਲੇ ਆਦਮੀ ਨੇ ਪਹਿਲਾਂ ਰਾਜਾ ਨੂੰ ਪ੍ਰਣਾਮ ਕੀਤਾ ਅਤੇ ਫਿਰ ਕਿਹਾ – ਮੈਂ ਤਾਂ ਅਨਪੜ੍ਹ ਹਾਂ, ਧਰਮ-ਕਰਮ ਦੇ ਬਾਰੇ ਮੈਂ ਕੁਝ ਨਹੀਂ ਜਾਣਦਾ। ਹਾਂ ਕੋਈ ਬੀਮਾਰ ਹੋਵੇ ਤਾਂ ਉਸ ਦੀ ਸੇਵਾ ਜ਼ਰੂਰ ਕਰ ਦਿੰਦਾ ਹਾਂ। ਕੋਈ ਭੁੱਖਾ ਹੋਵੇ ਤਾਂ ਉਸ ਨੂੰ ਭੋਜਨ ਦੇ ਦਿੰਦਾ ਹਾਂ। ਕਿਸੇ ਕੋਲ ਕਪੜੇ ਨਾ ਹੋਣ ਤਾਂ ਆਪਣੇ ਕਪੜੇ ਵੀ ਉਸ ਨੂੰ ਉਤਾਰ ਕੇ ਦੇ ਦਿੰਦਾ ਹਾਂ।

ਤਦ ਰਾਜਾ ਨੇ ਉਸ ਨੂੰ ਸਭ ਤੋਂ ਵੱਡਾ ਧਰਮਾਤਮਾਂ ਕਿਹਾ ਅਤੇ ਆਪਣੇ ਚੌਥੇ ਪੁੱਤਰ ਨੂੰ ਆਪਣੀ ਰਾਜਗੱਦੀ ਸੌਂਪ ਦਿੱਤੀ।

ਫਿਰ ਰਾਜਾ ਨੇ ਕਿਹਾ – ਸਵਾਰਥ ਰਹਿਤ ਸੇਵਾ ਹੀ ਸਭ ਤੋਂ ਵੱਡਾ ਧਰਮ ਹੈ। ਬਿਨਾ ਸਵਾਰਥ ਦੇ ਸੇਵਾ ਹੋਣ ਤੇ ਹੀ ਧਰਮਾਤਮਾ ਦੇ ਸਹੀ ਅਰਥ ਸਿੱਧ ਹੁੰਦੇ ਹਨ ਅਤੇ ਤਦ ਹੀ ਸੱਚਾ ਪੁੰਨ ਪ੍ਰਾਪਤ ਹੁੰਦਾ ਹੈ। ●

❑ ਪੁਸ਼ਪਾ ਭਾਟੀਆ

ਕੇਲਾ

ਇਕ ਪੌਸ਼ਟਿਕ ਆਹਾਰ

ਕੇਲਾ ਫਲ ਦੇ ਰੂਪ ਵਿਚ ਚੰਗੀ ਤਰ੍ਹਾਂ ਜਾਣਿਆਂ ਜਾਂਦਾ ਹੈ। ਕੇਲਾ ਆਪਣੇ ਆਪ ਵਿਚ ਤੰਦਰੁਸਤੀ ਦੇਣ ਵਾਲਾ ਫਲ ਹੈ, ਕਿਉਂਕਿ ਇਸ ਵਿਚ ਪੋਟ੍ਰੀਨ, ਵਿਟਾਮਿਨ, ਕਾਰਬੋਹਾਈਡ੍ਰੇਟ, ਖਨਿਜ ਅਤੇ ਜਲ ਭਰਪਰ ਮਾਤਰਾ ਵਿਚ ਹੁੰਦੇ ਹਨ। ਦੁੱਧ ਨਾਲ ਕੇਲੇ ਖਾਣਾ ਆਪਣੇ ਆਪ ਚ ਪੂਰਣ ਭੋਜਨ ਹੁੰਦਾ ਹੈ। ਕੇਲਾ ਆਪਣੇ ਕਈ ਔਸ਼ਧੀ ਗੁਣਾਂ ਦੇ ਕਾਰਣ ਵੀ ਜਾਣਿਆ ਜਾਂਦਾ ਹੈ।

- ਕੇਲੇ ਵਿਚ ਕੈਲਸ਼ੀਅਮ ਦੀ ਮਾਤਰਾ ਹੋਣ ਕਰਕੇ ਇਹ ਹੱਡੀਆਂ ਅਤੇ ਦੰਦਾਂ ਦੀ ਮਜ਼ਬੂਤੀ ਲਈ ਚੰਗਾ ਮੰਨਿਆ ਜਾਂਦਾ ਹੈ।
- ਜੋ ਲੋਕ ਬਹੁਤ ਪਤਲੇ-ਦੁਬਲੇ ਹੁੰਦੇ ਹਨ, ਉਹਨਾਂ ਨੂੰ ਦੋ ਕੇਲੇ 250 ਗ੍ਰਾਮ ਦੁੱਧ ਦੇ ਨਾਲ ਰੋਜ਼ ਖਾਣੇ ਚਾਹੀਦੇ ਹਨ। ਇਸ ਨਾਲ ਉਹਨਾਂ ਦਾ ਸ਼ਰੀਰ ਵੀ ਠੀਕ ਰਹਿੰਦਾ ਹੈ ਅਤੇ ਵਜਨ ਵੀ ਵਧਦਾ ਹੈ।
- ਕਦੇ-ਕਦੇ ਬੱਚੇ ਖੇਡ-ਖੇਡ 'ਚ ਸਿੱਕਾ ਜਾਂ ਕੱਚ ਦੀ ਗੋਲੀ ਲੰਘਾ ਜਾਣ ਜਾਂ ਕੁਝ ਗਲੇ 'ਚ ਅਟਕ ਜਾਏ ਤਾਂ ਉਸ ਨੂੰ ਉਸੇ ਵੇਲੇ ਪੱਕਿਆ ਹੋਇਆ ਕੇਲਾ ਖਵਾਉ। ਚੀਜ਼ ਮਲ ਰਾਹੀਂ ਬਾਹਰ ਨਿਕਲ ਆਏਗੀ।
- ਗੈ੍ਸਟਿਕ ਹੋਣ ਤੇ, ਅਲਸਰ ਹੋਣ ਤੇ ਜਾਂ ਸ਼ਰੀਰ ਦੇ ਕਿਸੇ ਭਾਗ ਤੇ ਸੂਜਨ ਆਉਣ ਨਾਲ ਕੇਲੇ ਦੇ ਗੁੱਦੇ ਨੂੰ ਆਟੇ ਚ ਗੁੰਨ ਕੇ ਗਰਮ ਕਰ ਕੇ ਉਸ ਥਾਂ ਤੇ ਬੰਨਣ ਨਾਲ ਸੂਜਨ ਘੱਟ ਹੋ ਜਾਂਦੀ ਹੈ।
- ਅੱਗ ਨਾਲ ਕੋਈ ਅੰਗ ਝੁਲਸ ਗਿਆ ਹੋਏ ਜਾਂ ਸੜ ਗਿਆ ਹੋਵੇ ਤਾਂ ਪੱਕੇ ਹੋਏ ਕੇਲੇ ਦਾ ਚੂਰਣ ਕੇ ਉਸ ਥਾਂ ਉਤੇ ਲਾਉਣ ਨਾਲ ਲਾਭ ਹੁੰਦਾ ਹੈ।
- ਜੀਭ ਉਤੇ ਛਾਲੇ ਹੋਣ ਦੀ ਸਥਿਤੀ ਵਿਚ ਗਾਂ ਦੇ ਦੁੱਧ ਦੀ ਜੰਮੀ ਦਹੀਂ ਦੇ ਨਾਲ ਪੱਕੇ ਹੋਏ ਕੇਲੇ ਨੂੰ ਖਾਣ ਨਾਲ ਛਾਲੇ ਠੀਕ ਹੋ ਜਾਂਦੇ ਹਨ।
- ਟੱਟੀਆਂ ਲੱਗ ਜਾਣ ਤਾਂ ਦਹੀਂ ਵਿਚ ਇਕ ਕੇਲਾ ਮਿਲਾ ਕੇ ਖਾਉ, ਲਾਭ ਹੋਏਗਾ।
- ਜਿੰਨ੍ਹਾਂ ਲੋਕਾਂ ਦੇ ਸ਼ਰੀਰ ਵਿਚ ਖੂਨ ਦੀ ਕਮੀ ਹੁੰਦੀ ਹੈ ਉਹਨਾਂ ਨੂੰ ਕੇਲਾ ਰੋਜ ਖਾਣਾ ਚਾਹੀਦਾ ਹੈ।



ਬਾਲ ਕਹਾਣੀ
– ਰਾਧੇਲਾਲ 'ਨਵਚੱਕਰ'

ਮਿਹਨਤ ਦੀ ਚਮਕ

ਕਿਸੇ ਲਕੱੜਹਾਰੇ ਨੂੰ ਰਸਤੇ ਵਿਚ ਲੋਹੇ ਦਾ ਇਕ ਟੁਕੜਾ ਮਿਲਿਆ। ਉਸ ਨੂੰ ਚੁੱਕ ਕੇ ਉਹ ਲੁਹਾਰ ਦੀ ਦੁਕਾਨ ਉਤੇ ਜਾ ਪਹੁੰਚਿਆ । ਫਿਰ ਉਸ ਨੂੰ ਕਿਹਾ – ਮੈਨੂੰ ਇਸ ਲੋਹੇ ਦੇ ਟੁਕੜੇ ਤੋਂ ਦੋ ਕੁਹਾੜੀਆਂ ਬਣਾ ਦਿਉ। ਜ਼ਿਆਦਾ ਕੀਮਤ ਦੇ ਦਿਆਂਗਾ।

ਠੀਕ ਹੈ ! ਕਹਿ ਕੇ ਲੁਹਾਰ ਨੇ ਲੋਹੇ ਦੇ ਉਸ ਟੁਕੜੇ ਨੂੰ ਲੈ ਕੇ ਰੱਖ ਲਿਆ। ਕਦੋਂ ਮਿਲਣਗੀਆਂ ਕੁਹਾੜੀਆਂ? – ਲੱਕੜਹਾਰੇ ਨੇ ਪੁੱਛਿਆ। ਉਸ ਨੇ ਕਿਹਾ – ਪਰਸੋਂ ਦੇ ਦਿਆਂਗਾ।

ਸਮੇਂ ਉਤੇ ਆ ਕੇ ਲਕੱੜਹਾਰਾ ਦੋਵੇਂ ਕੁਹਾੜੀਆਂ ਲੈ ਕੇ ਘਰ ਵਾਪਸ ਆ ਗਿਆ। ਉਸ ਨੇ ਇਕ ਕੁਹਾੜੀ ਨੂੰ ਘਰ ਦੇ ਕਿਸੇ ਕੋਨੇ ਤੇ ਰੱਖ ਦਿੱਤਾ ਅਤੇ ਦੂਸਰੀ ਨਾਲ ਉਹ ਜੰਗਲ ਜਾ ਕੇ ਲੱਕੜੀਆਂ ਕੱਟਦਾ ਸੀ। ਫਿਰ ਉਹਨਾਂ ਨੂੰ ਵੇਚ ਕੇ ਆਪਣਾ ਗੁਜ਼ਾਰਾ ਕਰਦਾ ਸੀ। ਇਸ ਤਰ੍ਹਾ ਇਕ ਸਾਲ ਗੁਜ਼ਰ ਗਿਆ।

ਇਕ ਦਿਨ ਲੱਕੜੀ ਕੱਟਦੇ-ਕੱਟਦੇ ਕੁਹਾੜੀ ਦਾ ਹੱਥਾ ਟੁੱਟ ਗਿਆ। ਲੱਕੜਹਾਰਾ ਕੁਹਾੜੀ ਵਿਚ ਦੂਜਾ ਹੱਥਾ ਲਗਾਉਣ ਲਈ ਵਾਪਸ ਆਇਆ। ਘਰ ਆ ਕੇ ਉਸ ਨੇ ਉਸ ਕੁਹਾੜੀ ਵਿਚ ਦੂਜਾ ਹੱਥਾ ਲਗਾ ਕੇ ਉਸ ਨੂੰ ਉਸੇ ਜਗ੍ਹ ਰੱਖ ਦਿੱਤਾ ਜਿਥੇ ਇਕ ਹੋਰ ਕੁਹਾੜੀ ਪਹਿਲਾਂ ਹੀ ਪਈ ਹੋਈ ਸੀ।

ਪਹਿਲਾਂ ਤੋਂ ਰੱਖੀ ਕੁਹਾੜੀ ਨੇ ਜਦ ਆਪਣੇ ਨੇੜੇ ਦੂਜੀ ਕੁਹਾੜੀ ਉਤੇ ਨਜ਼ਰ ਮਾਰੀ ਤਾਂ ਉਹ ਹੈਰਾਨ ਰਹਿ ਗਈ ਅਤੇ ਕਹਿਣ ਲਗੀ – ਅਸੀਂ ਦੋਵੇਂ ਤਾਂ ਇਕ ਹੀ ਲੋਹੇ ਦੇ ਟੁਕੜੇ ਨਾਲ ਬਣੀਆਂ ਹਾਂ। ਇਕ ਹੀ ਲੁਹਾਰ ਨੇ ਇਕ ਹੀ ਲੋਹੇ ਨਾਲ ਸਾਨੂੰ ਦੋਹਾਂ ਨੂੰ ਬਣਾਇਆ ਹੈ ਫਿਰ ਤੇਰੇ ਵਿਚ ਐਨੀ ਚਮਕ ਕਿਉਂ ਹੈ। ਮੇਰਾ ਰੂਪ ਐਨਾ ਬਦਸੂਰਤ ਹੋ ਗਿਆ ਹੈ ਜਿਵੇਂ ਮੈਨੂੰ ਕੋਈ ਰੋਗ ਲੱਗ ਗਿਆ ਹੋਵੇ। ਤੇਰੇ ਵਿਚ ਇਸ ਤਰ੍ਹਾਂ ਦੀ ਕੀ ਖੂਬੀ ਹੈ।

ਭੈਣ ! ਮੈ ਜਦੋਂ ਦੀ ਬਣ ਕੇ ਆਈ ਹਾਂ, ਕੰਮ ਕਰ ਰਹੀ ਹਾਂ ਅਤੇ ਤੂੰ ਜਿਸ ਦਿਨ ਤੋਂ ਬਣੀ ਹੈ, ਅਰਾਮ ਹੀ ਕਰ ਰਹੀ ਹੈ। ਹੈ ਨਾ ?

ਹਾਂ ! ਪਹਿਲੀ ਕੁਹਾੜੀ ਕਹਿਣ ਲੱਗੀ।

ਤੂੰ ਜੋ ਮੇਰੇ ਵਿਚ ਚਮਕ ਵੇਖ ਰਹੀ ਹੈ ਉਹ ਉਸ ਮਿਹਨਤ ਕਰਕੇ ਹੈ। ਆਲਸੀ ਬਣੇ ਰਹਿਣ ਕਰਕੇ ਤੇਰੀ ਇਹ ਹਾਲਤ ਹੋਈ ਹੈ। ਆਪਣੀ ਸ਼ੁਰੂ ਦੀ ਚਮਕ ਵੀ ਤੂੰ ਗਵਾ ਬੈਠੀ ਹੈ। ਥੋੜੀ ਦੇਰ ਰੁਕ ਕੇ ਦੂਜੀ ਕੁਹਾੜੀ ਫਿਰ ਕਹਿਣ ਲੱਗੀ – ਯਾਦ ਰੱਖੋ , ਮਿਹਨਤੀ ਹਮੇਸ਼ਾ ਤੰਦਰੁਸਤ ਰਹਿੰਦਾ ਹੈ ਅਤੇ ਆਲਸੀ ਰੋਗਗ੍ਰਸਤ ਹੋ ਜਾਂਦਾ ਹੈ।

ਕੋਨੇ ਵਿਚ ਪਹਿਲਾਂ ਪਈ ਕੁਹਾੜੀ ਨੂੰ ਹੁਣ ਸਾਰੀ ਸਚਾਈ ਚੰਗੀ ਤਰ੍ਹਾਂ ਸਮਝ ਆ ਗਈ ਸੀ। ਆਪਣੇ ਆਲਸੀਪਣ ਤੇ ਉਹ ਬਹੁਤ ਸ਼ਰਮਿੰਦਾ ਹੋਈ।

ਹਾਸਾ ਖੇਡ

ਕੀ ਮਕੈਨਿਕ ਨੇ ਸਾਰਾ ਕੰਮ ਤੈਨੂੰ ਸਮਝਾ ਦਿੱਤਾ ਹੈ? ਕੰਮ ਖਤਮ ਹੋਣ ਤੋਂ ਬਾਅਦ ਫੋਰਮੈਨ ਨੇ ਹੈਲਪਰ ਨੂੰ ਪੁੱਛਿਆ, ਜਿਸ ਦਾ ਕਾਰਖਾਨੇ ਵਿਚ ਅੱਜ ਪਹਿਲਾ ਦਿਨ ਸੀ।

ਜੀ ਹਾਂ ਮਕੈਨਿਕ ਸਾਹਿਬ ਨੇ ਮੈਨੂੰ ਚੰਗੀ ਤਰ੍ਹਾਂ ਸਮਝਾ ਦਿੱਤਾ ਹੈ। ਹੈਲਪਰ ਨੇ ਜੁਆਬ ਦਿੱਤਾ।

ਵਾਹ ! ਫੋਰਮੈਨ ਖੁਸ਼ ਹੋ ਗਿਆ। ਅੱਛਾ ਦੱਸ ਤੈਨੂੰ ਕੀ ਕੀ ਸਮਝਾ ਦਿੱਤਾ?

ਉਸ ਨੇ ਮੈਨੂੰ ਕਿਹਾ ਸੀ ਜਦ ਮੈਂ ਤੁਹਾਨੂੰ ਆਉਂਦਾ ਹੋਇਆ ਵੇਖਾਂ ਤਾਂ ਮੈ ਉਸ ਨੂੰ ਜਗਾ ਦੇਵਾਂ।

- - - - - -

ਇਕ ਦੋਸਤ ਦੂਜੇ ਦੋਸਤ ਨੂੰ ਕਹਿਣ ਲੱਗਾ - ਯਾਰ ਕੀ ਕਰਾਂ? ਮੇਰੀ ਮੱਝ ਸੁੱਕੇ ਪੱਠੇ ਨਹੀਂ ਖਾਂਦੀ। ਹਰੇ ਪੱਠੇ ਅੱਜਕੱਲ੍ਹ ਹੁੰਦੇ ਨਹੀਂ। ਮੈਨੂੰ ਸਮਝ ਨਹੀ ਆਉਂਦੀ ਮੱਝ ਕੀ ਖਾਵੇ? ਭੁੱਖੀ ਮਰ ਚੱਲੀ ਏ।

ਦੂਜਾ ਦੋਸਤ - ਲੈ ਤੂੰ ਵੀ ਮੂਰਖ ਹੈ ਇਹ ਕਿਹੜੀ ਔਖੀ ਗੱਲ ਏ, ਐਵੇਂ ਮੱਝ ਨੂੰ ਭੁੱਖਾ ਮਾਰ ਰਿਹਾ ਏ।

ਪਹਿਲਾ ਦੋਸਤ - ਕੋਈ ਤਰੀਕਾ ਦੱਸ ਯਾਰ ਮੱਝ ਵਿਚਾਰੀ ਪੱਠੇ ਖਾ ਲਵੇ।

ਦੂਜਾ ਦੋਸਤ - ਤੈਨੂੰ ਦੱਸ ਹੀ ਦਿੰਦਾ ਹਾਂ ਯਾਰ ! ਜਾ ਮੱਝ ਨੂੰ ਹਰੇ ਰੰਗ ਦੀ ਐਨਕ ਲਾ ਦੇ ਫਿਰ ਜਿਹੜੇ ਮਰਜੀ ਸੁੱਕੇ ਪੱਠੇ ਪਾ ਦੇ ਉਹਦੇ ਅੱਗੇ।

- ਅਮਿਤ ਨਰੂਲਾ

ਰਾਮ (ਮੋਹਨ ਨੂੰ) - ਜਦ ਮੈ ਜੰਗਲ ਇਕੱਲਾ ਜਾ ਰਿਹਾ ਸੀ ਤਾਂ ਮੈਨੂੰ ਡਾਕੂ ਮਿਲੇ। ਉਹ ਮੇਰੀ ,ਘੜੀ, ਕਾਰ ਅਤੇ ਰੁਪਏ ਸਭ ਕੁਝ ਲੈ ਗਏ।

ਮੋਹਨ - ਪਰ ਤੇਰੇ ਕੋਲ ਪਿਸਤੌਲ ਵੀ ਸੀ ਨਾ।

ਰਾਮ - ਹਾਂ ਸੀ ਤਾਂ ਪਰ ਪਿਸਤੌਲ ਤੇ ਉਹਨਾਂ ਦੀ ਨਜ਼ਰ ਹੀ ਨਹੀ ਪਈ।

- - - - - -

ਗ੍ਰਾਹਕ - ਇਹ ਦੇਖੋ ਚਿਕਨ ਸੂਪ ਵਿਚ ਕਾਕਰੋਚ ਪਿਆ ਹੈ।

ਦੁਕਾਨਦਾਰ - ਘਬਰਾਉ ਨਹੀ ਅਸੀਂ ਕਾਕਰੋਚ ਦਾ ਐਕਸਟਰਾ ਚਾਰਜ ਨਹੀ ਲਵਾਂਗੇ।

- - - - - -

ਚੋਰ ਫੜਨ ਦੀ ਮਸ਼ੀਨ ਬਣੀ। ਯੂ.ਐਸ.ਏ ਵਿਚ ਇਕ ਦਿਨ ਵਿਚ 9 ਚੋਰ ਫੜੇ ਗਏ। ਚਾਈਨਾ ਵਿਚ 5 ਫੜੇ ਗਏ। ਇੰਡੀਆ ਵਿਚ ਇਕ ਘੰਟੇ ਵਿਚ ਮਸ਼ੀਨ ਹੀ ਚੋਰੀ ਹੋ ਗਈ।

- - - - - -

ਪਤੀ ਪਤਨੀ ਦੀ ਬਹੁਤ ਲੜਾਈ ਹੋ ਰਹੀ ਸੀ।

ਪਤਨੀ ਗੁੱਸੇ ਵਿਚ - ਤੁਹਾਡੇ ਦਿਮਾਗ ਵਿਚ ਤਾਂ ਬਸ ਗੋਬਰ ਹੀ ਭਰਿਆ ਹੈ।

ਪਤੀ (ਪਿਆਰ ਨਾਲ) - ਤਾਂ ਫਿਰ ਇੰਨੀ ਦੇਰ ਦੀ ਖਾ ਕਿਉਂ ਰਹੀ ਏ?

- ਬਬਲੂ ਦਿੱਲੀ

ਪਰਵੀਨ 6 ਮਹੀਨੇ ਦੇ ਬੱਚੇ ਦੀ ਰੋਣ ਦੀ ਅਵਾਜ਼ ਰਿਕਾਰਡ ਕਰ ਰਿਹਾ ਸੀ।

ਦਿਨੇਸ਼ : (ਪਰਵੀਨ ਨੂੰ) ਤੂੰ ਇਹ ਕੀ ਕਰ ਰਿਹਾ ਹੈ?

ਪਰਵੀਨ : ਅਰੇ ਯਾਰ ! ਮੈ ਇਸ ਬੱਚੇ ਦੀ ਅਵਾਜ਼ ਰਿਕਾਰਡ ਕਰ ਰਿਹਾ ਹਾਂ।

ਦਿਨੇਸ਼ : ਕਿਉਂ ?

ਪਰਵੀਨ : ਜਦ ਇਹ ਵੱਡਾ ਹੋਵੇਗਾ ਤਾਂ ਮੈ ਇਸ ਨੂੰ ਪੁੱਛ ਸਕਾਂਗਾ ਕਿ ਇਹ ਕੀ ਬੋਲਣਾ ਚਾਹ ਰਿਹਾ ਸੀ।

– ਅੰਕੁਰ ਦਿੱਲੀ

- - - - - - - -

ਇਕ ਆਦਮੀ (ਅੰਬ ਵਾਲੇ ਨੂੰ) ਕੀ ਇਹ ਲੰਗੜੇ ਅੰਬ ਹਨ?

ਅੰਬ ਵਾਲਾ : ਜੀ ਹਾਂ ! ਜੇਕਰ ਇਹ ਲੰਗੜੇ ਨਾ ਹੁੰਦੇ ਤਾਂ ਮੈ ਇਹਨਾਂ ਨੂੰ ਰੇੜੀ ਉਤੇ ਰੱਖ ਕੇ ਕਿਉਂ ਘੁੰਮਦਾ।

- - - - - - - -

ਬਸ ਸਟੈਂਡ ਉਤੇ ਇਕ ਆਦਮੀ ਬੜੀ ਦੇਰ ਤੋਂ ਖੜਾ ਸੀ। ਕਾਫੀ ਦੇਰ ਬਾਅਦ ਇਕ ਆਦਮੀ ਆਇਆ ਅਤੇ ਉਸ ਨੂੰ ਕਹਿਣ ਲੱਗਾ ਤੁਸੀਂ ਬੜੀ ਦੇਰ ਤੋਂ ਖੜੇ ਹੋ। ਬੱਸਾਂ ਆਈਆਂ ਤੇ ਚਲੀਆਂ ਗਈਆਂ, ਤੁਸੀਂ ਇਕ ਵੀ ਬੱਸ ਵਿਚ ਨਹੀਂ ਬੈਠੇ?

ਉਹ ਵਿਅਕਤੀ ਬੋਲਿਆ – ਕੀ ਕਰਾਂ? ਭਾਈ ਸਾਹਿਬ ਜੋ ਵੀ ਬੱਸ ਆਉਂਦੀ ਹੈ ਉਸ ਉਤੇ ਲਿਖਿਆ ਹੁੰਦਾ ਹੈ 'ਹਮ ਦੋ ਹਮਾਰੇ ਦੋ' ਪਰ ਅਸੀਂ ਤਾਂ ਪੰਜ ਹਾਂ।

ਓਪਰੇਸ਼ਨ ਸਫਲ ਹੋਣ ਦੇ ਬਾਅਦ ਮਰੀਜ ਨੇ ਡਾਕਟਰ ਨੂੰ ਕਿਹਾ – ਹੁਣ ਤੁਸੀਂ ਖਤਰੇ ਤੋਂ ਬਾਹਰ ਹੋ , ਫਿਰ ਵੀ ਤੁਸੀਂ ਡਰ ਕਿਉਂ ਰਹੇ ਹੋ?

ਮਰੀਜ ਨੇ ਕਿਹਾ : ਡਾਕਟਰ ਸਾਹਿਬ ! ਮੈ ਜਿਸ ਟ੍ਰੱਕ ਨਾਲ ਟਕਰਇਆ ਸੀ ਉਸ ਟ੍ਰੱਕ ਉਤੇ ਲਿਖਿਆ ਸੀ ''ਫਿਰ ਮੁਲਾਕਾਤ ਹੋਵੇਗੀ''।

– ਅਮਿਤ ਕੁਮਾਰ (ਦਰਭੰਗਾ)

- - - - - - - -

ਮਾਲਿਕ : (ਨੌਕਰ ਨੂੰ) ਰਾਮੂ ਮੈਂ ਨਦੀ ਵਿਚ ਡੁੱਬ ਰਿਹਾ ਹਾਂ।

ਰਾਮੂ : ਮਾਲਿਕ ਤੁਸੀਂ ਅਜੇ ਨਾ ਡੁੱਬੋ। ਤੁਸੀਂ ਮੇਰੀ ਤਿੰਨ ਮਹੀਨਿਆਂ ਦੀ ਤਨਖਾਹ ਦੇਣੀ ਹੈ।

- - - - - - - -

ਵੇਟਰ : ਤੁਸੀਂ ਸਮੋਸੇ ਅਤੇ ਪਕੌੜਿਆਂ ਨੂੰ ਅੰਦਰੋਂ ਖਾ ਲਿਆ, ਪਰੰਤੂ ਬਾਹਰ ਦਾ ਸਾਰਾ ਛੱਡ ਦਿੱਤਾ।

ਕਸਟਮਰ : ਕਿਉਂਕਿ ਡਾਕਟਰ ਨੇ ਕਿਹਾ ਹੈ ਬਾਹਰ ਦਾ ਕੁਝ ਵੀ ਨਹੀਂ ਖਾਣਾ।

– ਸ਼ਾਮ ਬਿਲਦਾਨੀ (ਬੜਨੇਰਾ)

❑ ਬਲਵਿੰਦਰ ਬਾਲਮ

ਸ਼ਾਮ ਸੁਹਾਣੀ ਕਿੰਨੀ ਚੰਗੀ

ਅੰਬਰ ਦੇ ਆਲ੍ਹਣੇ ਵਿਚ ਸੂਰਜ ਜਾ ਰਿਹਾ।
ਅਪਣੀ ਉਹ ਮੰਜਿਲ ਦੇ ਨਗਮੇ ਗਾ ਰਿਹਾ।
ਲਾਲ ਸੰਧੂਰੀ ਰੁੱਤ ਨੂੱਕਰ ਵਿਚ ਫੱਬਦੀ ਹੈ।
ਸ਼ਾਮ ਸੁਹਾਣੀ ਕਿੰਨੀ ਚੰਗੀ ਲੱਗਦੀ ਹੈ।

ਪੰਛੀ ਉਡੱਦੇ ਜਾਂਦੇ ਅਪਣੇ ਆਲ੍ਹਣੇ ਵੱਲ।
ਚਲਦੀਆਂ ਠੰਡੀਆਂ ਠਾਰ ਹਵਾਵਾਂ ਨੇ ਪਲ-ਪਲ।
ਦਿਨ ਦੇ ਉਪੱਰ ਤਿੱਖੀ ਆਰੀ ਚਲਦੀ ਹੈ।
ਸ਼ਾਮ ਸੁਹਾਣੀ ਕਿੰਨੀ ਚੰਗੀ ਲੱਗਦੀ ਹੈ।

ਛਾਵਾਂ ਕੱਛੂ ਕੁੰਮੇ ਵਾਂਗੂ ਸੁੰਗੜੀਆਂ।
ਧੁੱਪਾਂ ਅਪਣੇ ਵਾਅਦੇ ਕੋਲੋਂ ਮੁਕਰੀਆਂ।
ਪਰਛਾਵੇਂ ਦੀ ਕਿਸਮਤ ਖੁਦ ਤੋਂ ਡਰਦੀ ਹੈ।
ਸ਼ਾਮ ਸੁਹਾਣੀ ਕਿੰਨੀ ਚੰਗੀ ਲੱਗਦੀ ਹੈ।

ਨੇਰ੍ਹੇ ਵਾਲੀ ਕਾਲੀ ਚੁੰਨੀ ਉਡੱ ਰਹੀ।
ਅੰਬਰ ਵਿੱਚੋਂ ਸੁੰਦਰ ਠੰਡਕ ਸੁੱਟ ਰਹੀ।
ਬਾਲਮ ਅੰਬਰੀਂ ਚੰਨ ਦੀ ਲੋਅ ਵੀ ਜਚਦੀ ਹੈ।
ਸ਼ਾਮ ਸੁਹਾਣੀ ਕਿੰਨੀ ਚੰਗੀ ਲੱਗਦੀ ਹੈ।

ਪੇਸ਼ਕਸ਼ : ਵਿਕਾਸ ਅਰੋੜਾ

ਸਾਧਾਰਣ ਗਿਆਨ ਪ੍ਰਸ਼ਨੋਤਰੀ

(ਸਭ ਪ੍ਰਸ਼ਨਾਂ ਦੇ ਉੱਤਰ 'ਨਾ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਚੁੱਕੋ ਅਤੇ ਪ੍ਰਸ਼ਨਚਿੰਨ੍ਹ ਤੋਂ ਬਾਅਦ ਉੱਤਰ ਲਿਖਦੇ ਜਾਉ।)

ਪ੍ਰਸ਼ਨ 1. ਤਾਜ਼ ਮਹਿਲ ਕਿਹੜੀ ਨਦੀ ਦੇ ਕਿਨਾਰੇ ਤੇ ਸਥਿਤ ਹੈ?

ਪ੍ਰਸ਼ਨ 2. ਬਿਹਾਰ ਦੇ ਕਿਸ ਸ਼ਹਿਰ ਦਾ ਪੁਰਾਣਾ ਨਾਂ ਪਾਟਲੀਪੁੱਤਰ ਸੀ?

ਪ੍ਰਸ਼ਨ 3. ਮਲੇਰੀਆ ਦੀ ਦਵਾਈ ਕੁਨੈਨ ਕਿਸ ਰੁੱਖ ਦੀ ਛਾਲ ਤੋਂ ਪ੍ਰਾਪਤ ਕੀਤੀ ਜਾਂਦੀ ਹੈ?

ਪ੍ਰਸ਼ਨ 4. ਆਸਟ੍ਰੀਆ ਦੇਸ਼ ਦੀ ਰਾਜਧਾਨੀ ਦਾ ਨਾਂ ਕੀ ਹੈ?

ਪ੍ਰਸ਼ਨ 5. ਜਾਪਾਨ ਵਿੱਚ ਫੁੱਲਾਂ ਨੂੰ ਸਜਾਉਣ ਦੀ ਕਲਾ ਨੂੰ ਕੀ ਕਹਿੰਦੇ ਹਨ ?

ਪ੍ਰਸ਼ਨ 6. ਸਪੇਨ ਦੇ ਕਿਸ ਸ਼ਹਿਰ ਵਿੱਚ 1992 ਵਿੱਚ ਉਲੰਪਿਕ ਖੇਡਾਂ ਦਾ ਆਯੋਜਨ ਕੀਤਾ ਗਿਆ ਸੀ?

ਪ੍ਰਸ਼ਨ 7. ਭਗਵਾਨ ਸ਼੍ਰੀ ਕ੍ਰਿਸ਼ਨ ਨੂੰ ਮਾਰਨ ਲਈ ਕੰਸ ਨੇ ਕਿਸ ਰਾਕਸ਼ਣੀ ਨੂੰ ਭੇਜਿਆ ਸੀ?

ਪ੍ਰਸ਼ਨ7. ਭਾਰਤ ਦਾ ਸਭ ਤੋਂ ਲੰਬਾ ''ਬੀਚ'' (ਸਮੁੰਦਰ ਤਟ) ਕਿਹੜਾ ਹੈ?

ਪ੍ਰਸ਼ਨ 9. ਮੇਘਨਾਥ ਦੀ ਪਤਨੀ ਦਾ ਨਾਂ ਕੀ ਸੀ?

ਪ੍ਰਸ਼ਨ 10. ਚਾਰ ਦਸੰਬਰ ਨੂੰ ਕਿਸ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ?

ਪ੍ਰਸ਼ਨ 11. ਭਾਰਤ ਦਾ ਰਾਸ਼ਟਰਪਤੀ ਭਵਨ ਕਿਹੜੀ ਹਿਲ ਉਤੇ ਬਣਿਆ ਹੈ?

ਪ੍ਰਸ਼ਨ 12. ਦੱਖਣੀ ਅਮਰੀਕਾ ਮਹਾਂਦੀਪ ਦੇ ਕਿਸ ਦੇਸ਼ ਦੀ ਰਾਜਧਾਨੀ ਦਾ ਨਾਂ ਬਯੂਨਸ ਆਯਰਸ ਹੈ?

ਪ੍ਰਸ਼ਨ 13. ਕਿਹੜੀ ਨਦੀ ਦੇ ਕਿਨਾਰੇ ਤੇ ਭਾਰਤ ਦੀ ਰਾਜਧਾਨੀ ਸਥਿਤ ਹੈ?

ਪ੍ਰਸ਼ਨ 14. ਬਿਹਾਰ ਦੀ ਵਿਧਾਨਸਭਾ ਕਿਸ ਸ਼ਹਿਰ ਵਿਚ ਹੈ?

(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖੋ)

ਕਿੱਟੀ

ਚਿੱਤਰਕਾਰ ਅਤੇ ਲੇਖਕ –
ਅਜੈ ਕਾਲੜਾ

ਕਿੱਟੀ ਬੱਚੇ ਆਲਸ ਛੱਡੋ। ਕਸਰਤ ਕਰੋ। ਦੌੜ ਲਗਾਉ।
ਅੱਛਾ ਮਾਂ ਆ ਰਹੀ ਹਾਂ।
ਕਿੱਟੀ ਚਲੋ ਬੇਟਾ ! ਹੁਣ ਸਾਡੇ ਨਾਲ ਯੋਗਾ ਕਰੋ।
ਮਾਂ ਤੁਸੀਂ ਹੀ ਕਰ ਲਉ ਨਾ।
ਕਿੱਟੀ ਇਹਨਾਂ ਨੂੰ ਮਿਲੋ। ਇਹ ਯੋਗਾ ਸਿਖਾਉਣ ਵਾਲੇ ਗੁਰੂ ਜੀ ਹਨ।
ਨਮਸਤੇ ਅੰਕਲ ।
ਨਮਸਤੇ ਬੇਟਾ। ਕੀ ਗੱਲ ਹੈ ਬੇਟਾ ਤੁਸੀਂ ਕਸਰਤ ਕਿਉਂ ਨਹੀਂ ਕਰ ਰਹੇ ਹੋ?

ਅੰਕਲ ਕਸਰਤ ਕਰਨ ਦਾ ਕੀ ਫਾਇਦਾ ਹੈ? ਇਸ ਤੋਂ ਵੱਧ ਮਜ਼ਾ ਤਾਂ ਸੌਣ ਵਿਚ ਆਉਂਦਾ ਹੈ। ਸਵੇਰੇ ਜਲਦੀ ਉਠਣਾ ਮੁਸ਼ਕਿਲ ਹੁੰਦਾ ਹੈ।
ਪੁੱਤਰ ਸਵੇਰੇ ਜਲਦੀ ਉਠਣਾ ਜਾਂ ਦੇਰ ਨਾਲ ਉਠਣਾ ਇਕ ਆਦਤ ਹੈ ਜੋ ਬਦਲੀ ਜਾ ਸਕਦੀ ਹੈ। ਜਿਵੇਂ ਦੀ ਆਦਤ ਬਣਾਉਗੇ। ਉਵੇਂ ਦੀ ਆਦਤ ਪੈ ਜਾਵੇਗੀ।
ਅੰਕਲ ਕਸਰਤ ਕਰਨ ਨਾਲ ਕੀ ਹੁੰਦਾ ਹੈ। ਕਿੰਨੇ ਸਾਰੇ ਲੋਕ ਹਨ ਜੋ ਕਸਰਤ ਨਹੀਂ ਕਰਦੇ।
ਬੇਟਾ ਉਹਨਾਂ ਨੂੰ ਨਾ ਵੇਖੋ ਜੋ ਕਸਰਤ ਨਹੀਂ ਕਰਦੇ ਉਹਨਾਂ ਨੂੰ ਵੇਖੋ ਜੋ ਕਸਰਤ ਕਰਦੇ ਹਨ। ਉਹਨਾਂ ਦੀ ਸਿਹਤ ਕਿੰਨੀ ਅੱਛੀ ਹੈ।

ਕਿਵੇਂ ਅੰਕਲ ? ਕੀ ਅੱਛਾ ਹੈ।
ਬੇਟਾ ! ਤੁਸੀਂ ਐਨੇ ਨਿੱਕੇ ਹੋ ਅਤੇ ਤੁਹਾਡੀ ਮਾਂ ਤੁਹਾਡੇ ਤੋਂ ਕਿੰਨੀ ਵੱਡੀ ਹੈ ਉਹ ਪੂਰੇ ਘਰ ਦਾ ਕੰਮ ਕਰਦੀ ਹੈ ਦਫਤਰ ਦਾ ਕੰਮ ਕਰਦੀ ਹੈ। ਸਭ ਦਾ ਧਿਆਨ ਰਖਦੀ ਹੈ ਫਿਰ ਵੀ ਉਹਨਾਂ ਦੇ ਚਿਹਰੇ ਉਤੇ ਸਿਹਤ ਦੀ ਚਮਕ ਹਮੇਸ਼ਾ ਰਹਿੰਦੀ ਹੈ।
ਇਹ ਤਾਂ ਹੈ ਅੰਕਲ !
ਪੁੱਤਰ ਕਸਰਤ ਕਰਨ ਨਾਲ ਦਿਮਾਗ ਚੁਸਤ ਰਹਿੰਦਾ ਹੈ। ਸ਼ਰੀਰ ਸਿਹਤਮੰਦ ਰਹਿੰਦਾ ਹੈ। ਵਿਅਕਤੀ ਆਪਣੇ ਕੰਮਾਂ ਨੂੰ ਦੂਜਿਆਂ ਨਾਲੋਂ ਵੱਧ ਤਾਕਤ ਨਾਲ ਕਰ ਸਕਦਾ ਹੈ।
ਯੋਗਾ ਕਰਨ ਵਾਲਾ ਹਮੇਸ਼ਾ ਸਿਹਤਮੰਦ ਰਹਿੰਦਾ ਹੈ। ਉਹ ਲੰਮੇ ਸਮੇਂ ਤਕ ਜਵਾਨ ਰਹਿੰਦਾ ਹੈ। ਕਿਸੇ ਉਤੇ ਨਿਰਭਰ ਨਹੀਂ ਰਹਿੰਦਾ। ਇਸ ਲਈ ਕਿਹਾ ਹੈ ਕਿ ਚੰਗੀ ਸਿਹਤ ਸਭ ਤੋਂ ਵੱਡਾ ਧਨ ਹੁੰਦਾ ਹੈ।
ਅੰਕਲ ਤਾਂ ਜੇਕਰ ਮੇਰੀ ਦਾਦੀ ਮਾਂ ਵੀ ਕਸਰਤ ਕਰਦੀ ਤਾਂ ਉਹ ਹੁਣ ਵੀ ਚੁਸਤ ਰਹਿੰਦੀ।
ਹਾਂ ਹਾਂ ਬੇਟਾ ਬਿਲਕੁਲ।
ਵਾਹ ਅੰਕਲ ! ਮੈ ਕੱਲ੍ਹ ਤੋਂ ਰੋਜ਼ ਇਥੇ ਆਵਾਂਗੀ ਅਤੇ ਕਸਰਤ ਕਰਾਂਗੀ, ਮੈਂ ਆਪਣੀ ਸਹੇਲੀਆਂ ਨੂੰ ਵੀ ਪ੍ਰੇਰਿਤ ਕਰਾਂਗੀ ਕਿ ਉਹ ਵੀ ਰੋਜ਼ ਕਸਰਤ ਕਰਨ ਦੀ ਆਦਤ ਬਨਾਉਣ।

❑ ਅਮਨਪ੍ਰੀਤ ਸਿੰਘ

ਚਲਾਕ ਲੂੰਬੜ ਅਤੇ ਗਧਾ

ਇਕ ਵਾਰ ਗਧੇ ਅਤੇ ਲੂੰਬੜ ਦੀ ਆਪਸ ਵਿਚ ਦੋਸਤੀ ਹੋ ਗਈ। ਲੂੰਬੜ ਕਾਫੀ ਚੁਸਤ ਚਲਾਕ ਸੀ ਪਰ ਗਧਾ ਵਿਚਾਰਾ ਭੋਲਾ ਸੀ। ਉਹ ਦੋਨੋਂ ਹੀ ਭੋਜਨ ਲਈ ਇਕੱਠੇ ਜਾਂਦੇ ਸਨ। ਗਧੇ ਨੂੰ ਗਾਉਣ ਦਾ ਬਹੁਤ ਸ਼ੌਕ ਸੀ। ਜਦੋਂ ਉਹ ਦੋਨੋਂ ਸ਼ਾਮ ਵੇਲੇ ਘਰ ਆਉਂਦੇ ਤਾਂ ਗਧਾ, ਲੂੰਬੜ ਨੂੰ ਗੀਤ ਸੁਣਾਉਣ ਲੱਗਦਾ। ਜਦੋਂ ਗਧਾ ਗਾਉਂਦਾ ਸੀ ਤਾਂ ਉਹ ਬਹੁਤ ਬੇਸੁਰੀਆਂ ਆਵਾਜ਼ਾਂ ਕੱਢਦਾ। ਗਧੇ ਦੀ ਆਵਾਜ਼ ਬਿਲਕੁਲ ਮਿੱਠੀ ਨਹੀਂ ਸੀ। ਲੂੰਬੜ ਉਸ ਤੋਂ ਬਹੁਤ ਤੰਗ ਆ ਜਾਂਦਾ ਸੀ ਪਰ ਲੂੰਬੜ ਦੋਸਤੀ ਕਾਰਨ ਸਦਾ ਵਾਹ-ਵਾਹ ਕਰਦਾ ਕਿਉਂਕਿ ਉਸ ਨੇ ਗਧੇ ਤੋਂ ਕੰਮ ਵੀ ਲੈਣਾ ਹੁੰਦਾ ਸੀ। ਗਧਾ ਕਈ ਵਾਰ ਲੂੰਬੜ ਨੂੰ ਖਾਣ ਲਈ ਕੁਝ ਲਿਆ ਦਿੰਦਾ ਸੀ।

ਜੰਗਲ ਤੋਂ ਥੋੜੀ ਹੀ ਦੂਰ ਇਕ ਕਿਸਾਨ ਦੇ ਖੇਤ ਸਨ। ਉਹਨਾਂ ਵਿਚ ਕਿਸਾਨ ਨੇ ਮੂਲੀਆਂ, ਗਾਜਰਾਂ ਲਗਾਈਆਂ ਹੋਈਆਂ ਸਨ। ਗਾਜਰਾਂ ਤਾਂ ਬਹੁਤ ਹੀ ਜ਼ਿਆਦਾ ਸੁਆਦੀ ਸਨ। ਗਧਾ





ਅਤੇ ਲੂੰਬੜ ਰਾਤ ਵੇਲੇ ਉਹਨਾਂ ਨੂੰ ਖਾਣ ਲਈ ਜਾਂਦੇ ਸਨ ਕਿਉਂਕਿ ਸਵੇਰੇ ਤਾਂ ਕਿਸਾਨ ਹੁੰਦਾ ਸੀ। ਸਾਰੀ ਰਾਤ ਉਹ ਗਾਜਰਾਂ ਖਾਂਦੇ ਰਹਿੰਦੇ ਅਤੇ ਸਵੇਰ ਹੁੰਦੇ ਹੀ ਜਲਦੀ ਨਾਲ ਘਰ ਵਾਪਿਸ ਆ ਜਾਂਦੇ। ਕਿਸਾਨ ਨੂੰ ਪਤਾ ਲੱਗ ਗਿਆ ਸੀ ਕਿ ਕੋਈ ਉਸਦੀ ਫਸਲ ਨਸ਼ਟ ਕਰ ਰਿਹਾ ਹੈ। ਗਧੇ ਦਾ ਫਿਰ ਉਹੀ ਕੰਮ। ਉਹ ਲੂੰਬੜ ਨੂੰ ਸੌਣ ਨਹੀਂ ਦਿੰਦਾ ਸੀ। ਉਹ ਗਾਉਂਦਾ ਰਹਿੰਦਾ ਸੀ। ਲੂੰਬੜ ਕਾਫੀ ਤੰਗ ਆ ਗਿਆ ਸੀ।

ਰੋਜ ਦੀ ਤਰ੍ਹਾਂ ਗਧਾ ਅਤੇ ਲੂੰਬੜ ਅੱਜ ਵੀ ਗਾਜਰਾਂ ਖਾਣ ਲਈ ਤੁਰ ਪਏ। ਕਾਫੀ ਟਾਈਮ ਉਹ ਦੋਵੇਂ ਮੂਲੀਆਂ, ਗਾਜਰਾਂ ਖਾਂਦੇ ਰਹੇ। ਲੂੰਬੜ ਨੇ ਦੇਖਿਆ ਖੇਤ ਦਾ ਮਾਲਿਕ ਹੱਥ ਵਿਚ ਮੋਟਾ ਸਾਰਾ ਡੰਡਾ ਚੁੱਕੀ ਖੇਤ ਵੱਲ ਆ ਰਿਹਾ ਹੈ। ਲੂੰਬੜ ਬਹੁਤ ਸ਼ੈਤਾਨ ਅਤੇ ਚਲਾਕ ਸੀ। ਉਹ ਗਧੇ ਨੂੰ ਸਬਕ ਸਿਖਾਉਣਾ ਚਾਹੁੰਦਾ ਸੀ। ਉਸ ਨੇ ਜਲਦੀ ਨਾਲ ਗਧੇ ਨੂੰ ਕਿਹਾ ਭਰਾ ਅੱਜ ਤੇਰਾ ਗੀਤ ਸੁਣਨ ਦਾ ਬਹੁਤ ਜੀਅ ਕਰ ਰਿਹਾ ਹੈ। ਗਧਾ ਖੁਸ਼ ਹੋ ਗਿਆ। ਉਸ ਨੂੰ ਤਾਂ ਇਹੋ ਜਿਹਾ ਮੌਕਾ ਚਾਹੀਦਾ ਸੀ। ਗਧਾ ਅੱਖਾਂ ਬੰਦ ਕਰਕੇ ਉਚੀ ਉਚੀ ਗਾਉਣ ਲੱਗਾ। ਉਧਰ ਲੂੰਬੜ ਦੂਰ ਜਾ ਕੇ ਛੁਪ ਗਿਆ। ਜਦੋਂ ਕਿਸਾਨ ਨੇ ਗਧੇ ਨੂੰ ਆਪਣੇ ਖੇਤ ਵਿਚ ਦੇਖਿਆ ਤਾਂ ਉਹ ਅੱਗ ਬਬੂਲਾ ਹੋ ਗਿਆ। ਉਸ ਨੇ ਗਧੇ ਨੂੰ ਡੰਡੇ ਨਾਲ ਏਨਾ ਮਾਰਿਆ ਕਿ ਗਧਾ ਬੇਹੋਸ਼ ਹੋ ਗਿਆ। ਕਿਸਾਨ ਉਸ ਨੂੰ ਰੱਸੀ ਨਾਲ ਬੰਨ ਕੇ ਘਰ ਚਲਾ ਗਿਆ।

ਉਧਰ ਲੂੰਬੜ ਬਹੁਤ ਖੁਸ਼ ਹੋ ਰਿਹਾ ਸੀ। ਉਹ ਜਲਦੀ ਨਾਲ ਗਧੇ ਕੋਲ ਗਿਆ ਅਤੇ ਉਸ ਨੂੰ ਖੋਲ੍ਹਿਆ। ਲੂੰਬੜ ਨੇ ਗਧੇ ਨੂੰ ਪਾਣੀ ਪਿਆਇਆ ਤਾਂ ਉਸ ਨੂੰ ਹੋਸ਼ ਆਈ। ਗਧਾ ਪੁੱਛਣ ਲੱਗਾ – ਕੀ ਹੋਇਆ ਸੀ? ਲੂੰਬੜ ਆਪਣਾ ਹਾਸਾ ਰੋਕ ਨਹੀਂ ਰਿਹਾ ਸੀ। ਉਸ ਨੇ ਕਿਹਾ – ਭਰਾ ਤੂੰ ਬਹੁਤ ਸੋਹਣਾ ਗਾਉਂਦਾ ਏ। ਤੈਨੂੰ ਇਸ ਦਾ ਇਨਾਮ ਮਿਲਿਆ ਹੈ। ਗਧਾ ਵਿਚਾਰਾ ਉਠ ਵੀ ਨਹੀਂ ਪਾ ਰਿਹਾ ਸੀ। ਲੂੰਬੜ ਨੇ ਕਿਸੇ ਤਰ੍ਹਾਂ ਉਸ ਨੂੰ ਜੰਗਲ ਪਹੁੰਚਾਇਆ। ਗਧਾ ਪਹੁੰਚ ਕੇ ਲੂੰਬੜ ਨੂੰ ਕਹਿਣ ਲੱਗਾ ਕਿ ਮੈ ਅੱਜ ਤੋਂ ਬਾਅਦ ਕਦੇ ਨਹੀਂ ਗਾਵਾਂਗਾ। ਮੈਨੂੰ ਇਹੋ ਜਿਹੇ ਇਨਾਮ ਦੀ ਲੋੜ ਨਹੀਂ ਹੈ। ਲੂੰਬੜ ਫਿਰ ਕਹਿਣ ਲੱਗਾ ਕਿ ਭਰਾ ਤੂੰ ਬਹੁਤ ਵਧੀਆ ਗਾਉਂਦਾ ਏ। ਗਧਾ ਸਭ ਕੁਝ ਸਮਝ ਗਿਆ ਸੀ ਪਰ ਉਹ ਹੁਣ ਕੁਝ ਨਾ ਬੋਲਿਆ। ਉਸ ਤੋਂ ਬਾਅਦ ਗਧੇ ਨੇ ਕਦੇ ਨਹੀਂ ਗਾਇਆ ਅਤੇ ਲੂੰਬੜ ਤਾਂ ਜਿਆਦਾ ਹੀ ਖੁਸ਼ ਸੀ।

❑ ਮਨਮੋਹਨ ਬਾਵਾ

ਮਿਕੀ ਮਾਊਸ ਦੇ ਜਨਮਦਾਤਾ
ਵਾਲਟ ਡਿਜ਼ਨੀ

ਅੱਜ ਦੁਨੀਆ ਵਿਚ ਸ਼ਾਇਦ ਹੀ ਕੋਈ ਇਹੋ ਜਿਹਾ ਇਨਸਾਨ ਹੋਵੇ ਜੋ ਮਿਕੀ ਮਾਊਸ ਅਤੇ ਡੋਨਾਲਡ ਡਕ ਨੂੰ ਨਾ ਜਾਣਦਾ ਹੋਵੇ। ਦੁਨੀਆ ਵਿਚ ਸਭ ਤੋਂ ਵੱਧ ਮਸ਼ਹੂਰ ਇਹਨਾਂ ਕਾਰਟੂਨ ਚਰਿਤਰਾਂ ਅਤੇ ਡਿਜ਼ਨੀਲੈਂਡ ਵਰਗੇ ਫਨ ਪਾਰਕ ਦੀ ਰਚਨਾ ਕਰਨ ਵਾਲੇ ਵਾਲਟਰ ਇਲੀਆਸ ਡਿਜ਼ਨੀ ਸਨ, ਜਿੰਨ੍ਹਾਂ ਨੂੰ ਦੁਨੀਆ ਵਾਲਟ ਡਿਜ਼ਨੀ ਦੇ ਨਾਂ ਤੋਂ ਜਾਣਦੀ ਹੈ। ਡਿਜ਼ਨੀ ਦਾ ਜਨਮ 5 ਦਸੰਬਰ, 1901 ਨੂੰ ਅਮਰੀਕਾ ਦੇ ਕੰਸਾਸ ਸ਼ਹਿਰ ਵਿਚ ਹੋਇਆ ਸੀ। ਵਿਸ਼ਵ ਦੇ ਇਸ ਮਹਾਨ ਕਾਮਿਕ ਚਿਤੱਰਕਾਰ ਨੇ ਆਪਣੇ ਕਾਮਿਕ ਚਰਿੱਤਰਾਂ ਦੇ ਮਾਧਿਅਮ ਨਾਲ ਮਨੁੱਖ ਦੇ ਸੁੰਦਰ ਅਤੇ ਸਿਰਜਨਾਤਮਕ ਸੁਪਨਿਆਂ ਨੂੰ ਨਵਾਂ ਰੂਪ ਦਿਤਾ। ਡਿਜ਼ਨੀਲੈਂਡ ਦੇ ਰੂਪ ਵਿਚ ਰੋਮਾਂਸ ਤੋਂ ਹੈਰਾਨ ਕਰ ਦੇਣ ਵਾਲਾ ਫਨ ਪਾਰਕ, ਦੁਨੀਆ ਨੂੰ ਉਹਨਾ ਦੀ ਸਿਰਜਨਾਤਮਕ ਭੇਂਟ ਹੈ।

ਦੁਨੀਆ ਦੇ ਪਹਿਲੇ ਸਫਲ ਏਨੀਮੇਟਰ ਵਾਲਟ ਡਿਜ਼ਨੀ ਨੇ ਸੰਨ 1919 ਤੋਂ ਆਪਣਾ ਸਿਰਜਨਾਤਮਕ ਸਫਰ ਸ਼ੁਰੂ ਕੀਤਾ। ਸ਼ੁਰੂ ਵਿੱਚ ਉਹਨਾਂ ਨੇ ਵਿਗਿਆਪਨ ਫਿਲਮਾਂ ਬਣਾਈਆਂ। ਇਹਨਾਂ ਫਿਲਮਾਂ ਨੂੰ ਸੀਮਿਤ ਸਫਲਤਾਵਾਂ ਮਿਲੀਆਂ। ਫਿਰ ਉਹ ਆਪਣੇ ਭਰਾ ਦੇ ਨਾਲ ਹੌਲੀਵੁਡ ਚਲੇ ਗਏ ਅਤੇ 1928 ਵਿਚ ਪਹਿਲੀ ਵਾਰ ਇਕ ਮੂਕ ਫਿਲਮ 'ਪਲੇਨ ਕ੍ਰੇਜ਼ੀ' ਵਿਚ ਮਿਕੀ ਮਾਊਸ ਨੂੰ ਪ੍ਰਸਤੁਤ ਕੀਤਾ। ਇਸ ਨੂੰ ਕਾਫੀ ਚੰਗੀ ਸਫਲਤਾ ਮਿਲੀ। ਇਸ ਤੋਂ ਉਤਸਾਹਿਤ ਹੋ ਕੇ ਉਹਨਾਂ ਨੇ 1929 ਵਿਚ ਆਪਣੀ ਪਹਿਲੀ ਸਵਾਕ ਕਾਰਟੂਨ ਫਿਲਮ 'ਸਟੀਮਬੋਟ ਵਿਲੀ' ਬਣਾਈ। ਇਸ ਫਿਲਮ ਨਾਲ ਤਾਂ ਉਹ ਅਤੇ ਮਿਕੀ ਮਾਊਸ ਪੂਰੀ ਦੁਨੀਆ ਵਿਚ ਛਾ ਗਏ। ਫਿਲਮ ਨੂੰ ਅਪਾਰ ਸਫਲਤਾ ਮਿਲੀ ਅਤੇ ਮਿਕੀ ਮਾਊਸ ਏਨੀਮੇਟਿਡ ਫਿਲਮਾਂ ਦਾ ਸਭ ਤੋਂ ਮਹੱਤਵਪੂਰਣ ਚਰਿੱਤਰ ਬਣ ਗਿਆ। ਇਸ ਨੂੰ ਡਿਜ਼ਨੀ ਦੇ ਦੋਸਤ ਊਬ ਈਵੇਕਰਮ ਨੇ ਚਿਤਰਿਤ ਕੀਤਾ ਸੀ। ਮਿਕੀ ਮਾਊਸ ਦੀ ਬਲਾਕਬਸਟਰ ਸਫਲਤਾ ਦੇ ਚਲਦੇ ਉਹਨਾਂ ਨੂੰ 1931-32 ਵਿਚ ਵਿਸ਼ੇਸ਼ ਅਕਾਦਮੀ ਪੁਰਸਕਾਰ ਦਿਤਾ ਗਿਆ। ਵਾਲਟ ਡਿਜ਼ਨੀ ਨੇ ਆਪਣੇ ਪੂਰੇ ਜੀਵਨ ਵਿਚ ਚਾਰ ਵਾਰ ਆਸਕਰ ਪੁਰਸਕਾਰ ਜਿੱਤਿਆ ਜੋ ਇਕ ਰਿਕਾਰਡ ਹੈ। ਆਪਣੀ ਪਹਿਲੀ ਸਵਾਕ ਫਿਲਮ ਵਿਚ ਮਿਕੀ ਮਾਊਸ ਨੂੰ ਆਵਾਜ਼ ਵਾਲਟ ਡਿਜ਼ਨੀ ਨੇ ਹੀ ਦਿੱਤੀ ਸੀ।

ਆਪਣੇ 65 ਸਾਲਾਂ ਦੇ ਜੀਵਨਕਾਲ ਵਿਚ ਵਾਲਟ ਡਿਜ਼ਨੀ ਨੇ ਵਿਸ਼ਵ ਪ੍ਰਸਿੱਧ ਕਾਰਟੂਨ ਫਿਲਮਾਂ ਦੇ ਇਲਾਵਾ ਦੂਜੀਆਂ ਫਿਲਮਾਂ ਵੀ ਬਣਾਈਆਂ। ਉਹ ਪਹਿਲੇ ਫਿਲਮ ਨਿਰਮਾਤਾ ਸਨ, ਜਿੰਨਾਂ ਨੇ 1961 ਵਿਚ ਟੀ.ਵੀ ਲਈ ਰੰਗੀਨ ਕੌਮਿਕਸ ਬਣਾਏ ਪਰ ਆਪਣੇ ਵਿਸ਼ਵ ਪ੍ਰਸਿੱਧ ਕਰਾਟੂਨ ਚਰਿੱਤਰਾਂ ਮਿਕੀ ਮਾਊਸ, ਡੋਨਲਡ ਡਕ ਅਤੇ ਗੂਫੀ ਦੀਆਂ ਫਿਲਮਾਂ ਅਤੇ ਕੌਮਿਕਸ ਦੇ ਲਈ ਤਾਂ ਡਿਜ਼ਨੀ ਜਾਣੇ ਹੀ ਜਾਂਦੇ ਹਨ। ਆਪਣੀਆਂ ਪਾਰਕਾਂ ਦੀਆਂ ਰਚਨਾ ਲਈ ਤਾਂ ਉਹ ਹੋਰ ਵੀ ਮਸ਼ਹੂਰ ਹਨ। ਡਿਜ਼ਨੀਲੈਂਡ ਨਾਂ ਤੋਂ ਕੈਲੀਫੋਰਨੀਆ ਦੇ ਅਨਾਹੀਮ ਨਾਮਕ ਥਾਂ ਤੇ ਬਣਾਏ ਗਏ ਉਹਨਾਂ ਦੇ ਪਾਰਕ ਨੂੰ ਵਿਸ਼ਵ ਲਈ ਉਹਨਾਂ ਦੀ ਅਤਿ ਸੁੰਦਰ ਭੇਂਟ ਮੰਨਿਆ ਜਾਂਦਾ ਹੈ। ਡਿਜ਼ਨੀਲੈਂਡ ਵਿਚ ਕਿਸੇ ਵੀ ਤਰ੍ਹਾਂ ਦਾ ਆਦਮੀ ਪਹੁੰਚ ਜਾਏ ਬਿਨਾਂ ਰੋਮਾਂਚਿਤ ਹੋਏ ਨਹੀਂ ਰਹਿੰਦਾ। ਇਹ ਸੰਨ 1955 ਵਿਚ ਬਣ ਕੇ ਤਿਆਰ ਹੋਇਆ ਸੀ। ਉਹਨਾਂ ਨੇ 1966 ਵਿਚ ਇਕ ਹੋਰ ਇਸ ਤਰ੍ਹਾਂ ਦੇ ਪਾਰਕ ਦੀ ਰੂਪਰੇਖਾ ਫਲੋਰਿਡਾ ਦੇ ਲਈ ਬਣਾਈ ਲੇਕਿਨ ਇਸ ਦੇ ਬਣ ਕੇ ਤਿਆਰ ਹੋਣ ਤੋਂ ਪਹਿਲਾਂ ਹੀ 16 ਦਸੰਬਰ 1966 ਨੂੰ ਉਹਨਾਂ ਦੀ ਮੌਤ ਹੋ ਗਈ। ਇਸ ਪਾਰਕ ਦਾ ਨਾ ਉਹਨਾਂ ਦੇ ਨਾਂ ਤੇ ਵਾਲਟ ਡਿਜ਼ਨੀ ਪਾਰਕ ਰੱਖਿਆ ਗਿਆ। ■

1) ਪਾਗਲ ਕੁੱਤੇ ਦੇ ਕੱਟਣ ਨਾਲ ਰੇਬੀਜ਼ ਜਾਂ ਹਾਡ੍ਰੋਫੋਬੀਆ ਰੋਗ ਹੁੰਦਾ ਹੈ।
2) ਦੱਖਣੀ ਭਾਰਤ ਦਾ ਸਭ ਤੋਂ ਉੱਚਾ ਪਰਬਤ ਸਿਖਰ ਅਨਾਈਮੁਦੀ ਹੈ।
3) ਸਰਦਾਰ ਸਰੋਵਰ ਪਰਿਯੋਜਨਾ ਨਰਮਦਾ ਨਦੀ ਤੇ ਬਣਾਈ ਗਈ ਹੈ।
4) ਆਂਧਰਪ੍ਰਦੇਸ਼ ਤੇ ਤਮਿਲਨਾਡੂ ਦੇ ਤਟ ਦਾ ਨਾਂ ਕੋਰੋਮੰਡਲ ਹੈ।
5) ਨੀਲੀ ਕ੍ਰਾਂਤੀ ਦਾ ਸੰਬੰਧ ਮਤਸਯ ਪਾਲਨ ਖੇਤਰ ਨਾਲ ਹੈ।
6) ਭਾਰਤ ਵਿਚ ਸਭ ਤੋਂ ਵਧ ਮੂੰਗਫਲੀ ਦੀ ਪੈਦਾਵਾਰ ਗੁਜਰਾਤ ਵਿਚ ਹੁੰਦੀ ਹੈ।
7) ਭਾਰਤ ਵਿਚ ਸਭ ਤੋਂ ਘੱਟ ਵਰਖਾ ਵਾਲਾ ਸਥਾਨ ਲੇਹ (ਜੰਮੂ-ਕਸ਼ਮੀਰ) ਹੈ।
8) ਸ਼ੁਕ੍ਰ ਗ੍ਰਹਿ ਪ੍ਰਿਥਵੀ ਦੀ ਜੁੜਵਾਂ ਭੈਣ ਅਖਵਾਉਂਦਾ ਹੈ।
9) ਭਾਰਤ ਵਿਚ ਹਰੀ ਕ੍ਰਾਂਤੀ ਦੇ ਜਨਕ ਡਾ. ਨਾਰਮਨ ਬੋਰਲਾਂਗ ਹਨ।
10) ਦਲਦਲੀ ਭੂਮੀ ਵਿਚੋਂ ਮੀਥੇਨ ਗੈਸ ਨਿਕਲਦੀ ਹੈ।
11) 1984 ਵਿਚ ਭੋਪਾਲ ਗੈਸ ਤ੍ਰਾਸਦੀ ਮਿਥਾਇਲ ਆਇਸੋਸਾਇਨੇਟ ਦੇ ਰਿਸਾਵ ਨਾਲ ਹੋਈ ਸੀ।
12) ਸਵਰਾਜ ਸ਼ਬਦ ਦਾ ਸਭ ਤੋਂ ਪਹਿਲਾਂ ਪ੍ਰਯੋਗ ਮਹਾਰਿਸ਼ੀ ਦਯਾਨੰਦ ਨੇ ਕੀਤਾ।
13) ਟੋਡਰਮਲ ਦਾ ਸੰਬੰਧ ਭੂ-ਰਾਜਸਵ ਵਿਵਸਥਾ ਨਾਲ ਸੀ।
14) ਮਹਾਰਾਜਾ ਰਣਜੀਤ ਸਿੰਘ ਦੀ ਰਾਜਧਾਨੀ ਲਾਹੌਰ ਸੀ।
15) ਪੋਲੀਉ ਦੇ ਟੀਕੇ ਦੀ ਖੋਜ ਜੋਨਾਸ ਸਾਲਕ ਨੇ ਕੀਤੀ ਸੀ।

ਸੰਗ੍ਰਹਿਕਰਤਾ - ਗੁਰਦੇਵ ਸਿੰਘ



ਕਹਾਣੀ - ਗੋਵਿੰਦ ਭਾਰਦਵਾਜ

ਛੋਟੂ ਚੂਹੇ ਦੀ ਬਹਾਦੁਰੀ

ਨੰਦਨਵਾਨ ਦੇ ਚੂਹੇ ਇਕ ਜੰਗਲੀ ਬਿੱਲੀ ਤੋਂ ਪਰੇਸ਼ਾਨ ਸਨ। ਉਹ ਮੋਟੀ ਬਿੱਲੀ ਰੋਜ਼ ਚੂਹਿਆਂ ਦਾ ਸ਼ਿਕਾਰ ਕਰਦੀ ਸੀ। ਉਸ ਦਾ ਆਤੰਕ ਸਾਰੇ ਚੂਹਿਆਂ ਉਤੇ ਫੈਲਿਆ ਹੋਇਆ ਸੀ। ਰੋਜ਼ਾਨਾ ਆਪਣੀ ਘੱਟਦੀ ਸੰਖਿਆ ਤੋਂ ਨੰਦਨਵਨ ਦੇ ਚੂਹੇ ਬਹੁਤ ਪਰੇਸ਼ਾਨ ਸਨ।

ਇਕ ਦਿਨ ਇਕ ਸਮਝਦਾਰ ਚੂਹਾ ਉਹਨਾਂ ਦੇ ਕੋਲ ਆਇਆ ਅਤੇ ਕਿਹਾ - ਅੱਜ ਮੈਂ ਤੁਹਾਡੇ ਸਭ ਦੇ ਲਈ ਬਿੱਲੀ ਤੋਂ ਪਿੱਛਾ ਛੁਡਾਉਣ ਦੀ ਤਰਕੀਬ ਲੈ ਕੇ ਆਇਆ ਹਾਂ। ਜੇਕਰ ਤੁਸੀਂ ਸਾਰੇ ਇਸ ਤਰਕੀਬ ਨੂੰ ਅਪਨਾਉਗੇ ਤਾਂ ਬਿੱਲੀ ਦੇ ਆਤੰਕ ਤੋਂ ਮੁਕਤੀ ਪਾ ਲਉਗੇ।

ਇਹ ਸੁਣ ਕੇ ਸਾਰੇ ਡਰੇ ਹੋਏ ਚੂਹੇ ਖੁਸ਼ੀ ਨਾਲ ਨੱਚਣ ਲੱਗੇ। ਸਾਰੇ ਇਕ ਸੁਰ ਵਿਚ ਕਹਿਣ ਲੱਗੇ। ਸਾਨੂੰ ਤਬਕੀਬ ਛੇਤੀ ਦੱਸੋ।

ਤਾਂ ਫਿਰ ਸੁਣੋ ਧਿਆਨ ਨਾਲ ! ਸਮਝਦਾਰ ਚੂਹੇ ਨੇ ਕਿਹਾ।

ਉਸ ਨੇ ਕਿਹਾ - ਸਾਨੂੰ ਇਕ ਘੰਟੀ ਬਿੱਲੀ ਦੇ ਗਲੇ ਵਿਚ ਬੰਨਣੀ ਪਏਗੀ ਤਾਂ ਕਿ ਉਸ ਦੇ ਆਉਣ ਦੀ ਖਬਰ ਸਾਨੂੰ ਮਿਲ ਜਾਏ ਅਤੇ ਸਾਰੇ ਆਪਣੀ ਖੁੱਡ ਵਿਚ ਵੜ ਜਾਣ।

ਇਹ ਸੁਣ ਕੇ ਇਕ ਮੋਟੂ ਚੂਹਾ ਕਹਿਣ ਲੱਗਾ - ਕੀ ਗੱਲ ਕਰਦੇ ਹੋ ਤੁਸੀਂ ! ਕਈ ਸਾਲਾਂ ਤੋਂ ਅਸੀਂ ਇਹ ਤਰੀਕਾ ਅਪਨਾਉਣ ਬਾਰੇ ਸੋਚ ਰਹੇ ਹਾਂ ਪਰ ਕਦੇ ਕੋਈ ਚੂਹਾ ਇਸ ਤਰ੍ਹਾਂ ਨਹੀਂ ਕਰ ਸਕਿਆ। ਕੌਣ ਮੌਤ ਦੇ ਸਾਹਮਣੇ ਜਾਣਾ ਚਾਹੇਗਾ।

ਐਨੇ ਵਿਚ ਛੋਟੂ ਨਾਂ ਦੇ ਚੂਹੇ ਨੇ ਹੱਥ ਉਠਾ ਕੇ ਕਿਹਾ - ਤੁਸੀਂ ਸਾਰੇ ਚਿੰਤਾ ਨਾ ਕਰੋ ! ਮੈਂ ਜ਼ਰੂਰ ਬਿੱਲੀ ਦੇ ਗਲੇ ਵਿਚ ਘੰਟੀ ਬੰਨ ਕੇ ਆਵਾਂਗਾ। ਇਹ ਮੇਰਾ ਵਾਅਦਾ ਹੈ।ਉਸ ਦੀ ਬਹਾਦੁਰੀ ਵੇਖ ਕੇ

ਸਾਰੇ ਚੂਹਿਆਂ ਨੇ ਉਸ ਨੂੰ ਘੰਟੀ ਬੰਨਣ ਦੀ ਇਜਾਜ਼ਤ ਦੇ ਦਿੱਤੀ। ਦੂਜੇ ਦਿਨ ਛੋਟੂ ਚੂਹਾ ਜੰਗਲੀ ਬਿੱਲੀ ਦੇ ਘਰ ਪਹੁੰਚ ਗਿਆ। ਉਸ ਨੇ ਅਵਾਜ਼ ਲਗਾਈ – ਮਾਸੀ ! ਘਰ ਹੀ ਹੈ?

ਚੂਹੇ ਦੀ ਅਵਾਜ਼ ਸੁਣ ਕੇ ਬਿੱਲੀ ਨੇ ਸੋਚਿਆ – ਅੱਜ ਸਵੇਰੇ-ਸਵੇਰੇ ਕਿਸ ਦਾ ਮੂੰਹ ਵੇਖਿਆ ਜੋ ਭੋਜਨ ਬਿਨਾਂ ਸ਼ਿਕਾਰ ਦੇ ਮੇਰੇ ਘਰ ਆ ਗਿਆ।

ਉਹ ਬਾਹਰ ਆਈ। ਛੋਟੂ ਨੇ ਹੱਥ ਜੋੜ ਕੇ ਕਿਹਾ – ਮਾਸੀ ਅਸੀਂ ਸਭ ਮੁਸੀਬਤ ਵਿਚ ਹੈ।

ਮੇਰੇ ਸਿਵਾ ਤੁਹਾਡੇ ਲਈ ਕੌਣ ਮੁਸੀਬਤ ਬਣ ਸਕਦਾ ਹੈ? – ਬਿੱਲੀ ਨੇ ਜਲਦੀ ਨਾਲ ਜੁਆਬ ਦਿੱਤਾ।

ਛੋਟੂ ਚੂਹਾ ਬੋਲਿਆ – ਮਾਸੀ ਇਕ ਮੋਟੀ ਬਿੱਲੀ ਹੈ। ਸੁਣਿਆ ਹੈ ਨਾਲ ਵਾਲੇ ਜੰਗਲ ਵਿਚੋਂ ਆਈ ਹੈ। ਉਹ ਸਾਨੂੰ ਆ ਕੇ ਖਾ ਜਾਂਦੀ ਹੈ।

ਬਿੱਲੀ ਨੇ ਕਿਹਾ – ਤਾਂ ਮੈ ਕੀ ਕਰ ਸਕਦੀ ਹਾਂ?

ਮੈਂ ਚਾਹੁੰਦਾ ਹਾਂ ਕਿ ਸਿਰਫ ਤੁਸੀਂ ਸਾਡਾ ਸ਼ਿਕਾਰ ਕਰੋ, ਹੋਰ ਕੋਈ ਨਹੀਂ। ਮੈਂ ਇਕ ਘੰਟੀ ਲੈ ਕੇ ਆਇਆ ਹਾਂ। ਜੇਕਰ ਤੁਸੀਂ ਇਸ ਨੂੰ ਆਪਣੇ ਗਲੇ ਵਿਚ ਬੰਨ ਲਉ। ਇਹ ਜਦੋਂ ਵੀ ਅਵਾਜ਼ ਕਰੇਗੀ ਤਾਂ ਅਸੀਂ ਸਮਝ ਜਾਵਾਂਗੇ ਕਿ ਤੁਸੀਂ ਆ ਰਹੇ ਹੋ ਅਤੇ ਆਪਣੇ ਆਪ ਹੀ ਇਕ-ਇਕ ਕਰਕੇ ਤੁਹਾਡੇ ਸਾਹਮਣੇ ਪੇਸ਼ ਹੋ ਜਾਵਾਂਗੇ। – ਛੋਟੂ ਨੇ ਘੰਟੀ ਦਿਖਾਂਦੇ ਹੋਏ ਇਕ ਸਾਹ ਵਿਚ ਸਭ ਕੁਝ ਕਹਿ ਦਿੱਤਾ।

ਮੋਟੀ ਬਿੱਲੀ ਨੇ ਛੋਟੂ ਚੂਹੇ ਦੇ ਇਸ ਉਪਾਅ ਨੂੰ ਮੰਨ ਲਿਆ ਅਤੇ ਆਪਣੇ ਗਲੇ ਵਿਚ ਘੰਟੀ ਬੰਨਵਾ ਲਈ। ਛੋਟੂ ਚੂਹੇ ਨੇ ਮੋਟੀ ਬਿੱਲੀ ਦਾ ਧੰਨਵਾਦ ਕੀਤਾ ਅਤੇ ਖੁਸ਼ੀ ਨਾਲ ਉਛਲਦਾ ਹੋਇਆ ਵਾਪਸ ਆ ਗਿਆ। ਸਾਰੇ ਚੂਹਿਆਂ ਨੂੰ ਉਸ ਦੀ ਇਸ ਕਾਮਯਾਬੀ ਨਾਲ ਬੜੀ ਰਾਹਤ ਮਿਲੀ।

ਅਗਲੇ ਦਿਨ ਜਿਵੇਂ ਹੀ ਬਿੱਲੀ ਉਹਨਾਂ ਦੇ ਇਲਾਕੇ ਵਿਚ ਆਈ ਤਾਂ ਘੰਟੀ ਦੀ ਅਵਾਜ਼ ਸੁਣ ਕੇ ਸਭ ਚੂਹੇ ਖੁੱਡ ਵਿਚ ਵੜ ਗਏ। ਵਿਚਾਰੀ ਬਿੱਲੀ ਬਿਨਾਂ ਸ਼ਿਕਾਰ ਦੇ ਵਾਪਸ ਚਲੀ ਗਈ। ਕਈ ਦਿਨ ਇਵੇਂ ਹੀ ਚਲਦਾ ਰਿਹਾ ਤਾਂ ਉਹ ਭੁੱਖ ਨਾਲ ਮਰਨ ਲਗੀ। ਆਪਣੀ ਮੂਰਖਤਾ ਨੂੰ ਕੋਸਦੇ ਹੋਏ ਬਿੱਲੀ ਨੇ ਦੂਜੇ ਜੰਗਲ ਵਿਚ ਜਾਣ ਦਾ ਫੈਸਲਾ ਕਰ ਲਿਆ। ਉਸ ਦੇ ਜਾਂਦੇ ਹੀ ਸਾਰੇ ਚੂਹੇ ਨਿਡਰ ਹੋ ਕੇ ਘੁੰਮਣ ਲੱਗੇ ਅਤੇ ਛੋਟੂ ਨੂੰ ਆਪਣਾ ਸਰਦਾਰ ਚੁਣ ਲਿਆ।

ਸਾਧਾਰਣ ਗਿਆਨ ਪ੍ਰਸ਼ਨੋਤਰੀ ਦੇ ਉੱਤਰ

1 ਜਮਨਾ
2 ਪਟਨਾ
3 ਸਿਨਕੋਨਾ
4. ਵਿਯਨਾ
5. ਇਕੇਬਾਨਾ
6.ਬਾਰਸੀਲੋਨਾ
7 ਪੂਤਨਾ
8. ਮਰੀਨਾ
9 ਸੁਲੋਚਨਾ
10 ਜਲਸੈਨਾ ਦਿਵਸ
11 ਰਾਇਸਿਨਾ
12 ਅਰਜੰਟੀਨਾ
13 ਜਮਨਾ
14 ਪਟਨਾ

❑ ਸੁਰਿੰਦਰ ਰੰਧਾਵਾ

ਬੱਚਿਉ ! ਹਰੀ-ਭਰੀ ਸਬਜ਼ੀਆਂ ਖਾਉ

ਬੱਚਿਉ ! ਹਰੀ-ਭਰੀ ਸਬਜ਼ੀਆਂ ਖਾਉ।
ਤੰਦਰੁਸਤ ਤਗੜੇ ਬਣ ਜਾਉ।

ਮੂਲੀਆਂ ਅਤੇ ਗਾਜਰਾਂ ਲਿਆ ਕੇ,
ਪਾਲਕ ਹਰੀ-ਹਰੀ ਮੰਗਵਾ ਕੇ।
ਟਮਾਟਰ, ਸ਼ਲਗਮ, ਚੌਲਾਈ, ਬਾਥੂ,
ਮਿਲਦੇ ਆਇਰਨ, ਵਿਟਾਮਿਨ ਵਾਧੂ।

ਸੋਇਆ, ਮੇਥੀ, ਸਰਸੋਂ ਦਾ ਸਾਗ
ਆਲੂ, ਗੋਭੀ, ਮਟਰ ਲਾਜਵਾਬ
ਥੋੜਾ-ਥੋੜਾ ਲਹਿਸਣ ਹੋਵੇ ਜ਼ਰੂਰ
ਵੇਖੋ ਸਰਦੀ ਹੋ ਜਾਂਦੀ ਦੂਰ।

ਜੋ ਵੀ ਮਿੱਠੀਆਂ ਟੌਫੀਆਂ ਖਾਏਗਾ।
ਉਸ ਦੇ ਦੰਦਾਂ ਨੂੰ ਕੀੜਾ ਖਾਏਗਾ।
ਰੋਜ਼ ਬੁਰਸ਼ ਕਰਨਾ ਅਤੇ ਨਹਾਣਾ
ਕਦੇ ਨਾ ਪਏ ਡਾਕਟਰ ਕੋਲ ਜਾਣਾ।

❑ ਵੀਰਪਾਲ ਕੌਰ

ਬਜ਼ੁਰਗ ਦੀ ਸਿਆਣਪ

ਇਕ ਪਿੰਡ ਵਿਚ ਕਿਸੇ ਸਾਂਝੀ ਜਗ੍ਹਾ ਤੇ ਇਕ ਬਹੁਤ ਵੱਡਾ ਕੂੜੇ ਦਾ ਢੇਰ ਲੱਗਿਆ ਹੋਇਆ ਸੀ। ਉਹ ਕੂੜੇ ਦਾ ਢੇਰ ਪਿੰਡ ਦੇ ਬਿਲਕੁਲ ਵਿਚਾਲੇ ਸੀ। ਗੰਦੀ ਬਦਬੂ ਕਾਰਨ ਆਸ-ਪਾਸ ਦੇ ਘਰ ਬਹੁਤ ਪਰੇਸ਼ਾਨ ਸੀ ਪਰ ਉਸ ਕੂੜੇ ਦੇ ਢੇਰ ਨੂੰ ਚੁੱਕਣ ਲਈ ਕੋਈ ਤਿਆਰ ਨਹੀਂ ਸੀ ਹੁੰਦਾ। ਰਾਹਗੀਰ ਵੀ ਆਪਣਾ ਨੱਕ ਬੰਦ ਕਰਕੇ ਉਥੋਂ ਲੰਘ ਜਾਂਦੇ ਸੀ।

ਉਸ ਪਿੰਡ ਵਿਚ ਇਕ ਡਾਕਟਰ ਦੀ ਛੋਟੀ ਜਿਹੀ ਦੁਕਾਨ ਸੀ। ਉਥੇ ਮਰੀਜ਼ਾਂ ਦੀ ਬਹੁਤ ਵੱਡੀ ਭੀੜ ਲੱਗੀ ਰਹਿੰਦੀ ਸੀ। ਉਸ ਡਾਕਟਰ ਕੋਲ ਦੂਜੇ ਪਿੰਡ ਤੋਂ ਇਕ ਬਜ਼ੁਰਗ ਆਪਣੇ ੪ ਸਾਲ ਦੇ ਪੋਤੇ ਨੂੰ ਦਵਾਈ ਦਿਵਾਉਣ ਲਈ ਲੈ ਕੇ ਵੀ ਆਉਂਦਾ ਸੀ। ਦੂਜੇ ਲੋਕਾਂ ਵਾਂਗ ਉਨ੍ਹਾਂ ਨੂੰ ਵੀ ਬਦਬੂ ਕਾਰਨ ਬਹੁਤ ਪਰੇਸ਼ਾਨੀ ਹੁੰਦੀ ਸੀ। ਇਕ ਦਿਨ ਉਸ ਬਜ਼ੁਰਗ ਨੇ ਦੋ-ਚਾਰ ਸਿਆਣੇ ਬੰਦਿਆਂ ਨੂੰ ਕਿਹਾ , 'ਭਾਈ ਸਾਹਿਬ, ਤੁਹਾਡੇ ਪਿੰਡ ਵਿਚ ਇਸ ਕੂੜੇ ਦੇ ਢੇਰ ਨੇ ਬਹੁਤ ਪਰੇਸ਼ਾਨ ਕਰ ਰੱਖਿਆ ਹੈ, ਤੁਸੀਂ ਇਸ ਕੂੜੇ ਦੇ ਢੇਰ ਨੂੰ ਚੁਕਵਾ ਕਿਉਂ ਨਹੀਂ ਦਿੰਦੇ?'

ਉਹ ਬੰਦੇ ਕਹਿੰਦੇ, 'ਬਾਬਾ ਜੀ, ਇਹ ਕੰਮ ਸਾਡਾ ਨਹੀਂ , ਪੰਚਾਇਤ ਦਾ ਹੈ, ਅਸੀਂ ਕਿਉ ਕਰੀਏ...? ਸਾਨੂੰ ਤਾਂ ਆਪਣੇ ਘਰ ਦੇ ਕੰਮਾਂ ਤੋਂ ਹੀ ਵਿਹਲ ਨਹੀਂ ਮਿਲਦੀ।'

ਉਹ ਬਜ਼ੁਰਗ ਇਹ ਕਹਿ ਕੇ ਚੁੱਪ ਹੋ ਗਿਆ, ' ਚੰਗਾ ਭਾਈ, ਪਿੰਡ ਤੁਹਾਡਾ ਹੈ ਤਾਂ ਮਰਜ਼ੀ ਵੀ ਤੁਹਾਡੀ ਹੀ ਚੱਲੂਗੀ।' ਉਹ ਆਪਣੇ ਪੋਤੇ ਨੂੰ ਦਵਾਈ ਦਿਵਾ ਕੇ ਉਥੋਂ ਚਲਿਆ ਗਿਆ। ਦੂਜੇ ਦਿਨ ਉਹਦੇ ਪੋਤੇ ਦੀ ਹਾਲਤ ਹੋਰ ਵੀ ਖਰਾਬ ਹੋ ਗਈ। ਇਸ ਲਈ ਉਹਨੂੰ ਵੱਡੇ ਹਸਪਤਾਲ ਦਾਖਲ ਕਰਵਾਉਣਾ ਪਿਆ। ਡਾਕਟਰਾਂ ਦਾ ਕਹਿਣਾ ਸੀ ਕਿ ਆਸ-ਪਾਸ ਦਾ ਮਾਹੌਲ ਸਾਫ ਨਾ ਹੋਣ ਕਰਕੇ ਇਸ ਬੱਚੇ ਨੂੰ ਪੇਟ ਦੀ ਇਨਫੈਕਸ਼ਨ ਹੋ ਚੁੱਕੀ ਹੈ। ਇਨਫੈਕਸ਼ਨ ਹੋਣ ਦੇ ਨਾਲ ਹੋਰ ਬੀਮਾਰੀਆਂ ਦਾ ਵੀ ਖਤਰਾ ਵਧਿਆ ਹੋਇਆ ਹੈ। ਹਸਪਤਾਲ ਵਿਚ ਇਕ ਪਰਚਾ ਲੱਗਿਆ ਹੋਇਆ ਸੀ। ਡਾਕਟਰ ਨੇ ਉਸ ਬਜ਼ੁਰਗ ਨੂੰ ਵੀ ਪੜ੍ਹਨ ਲਈ ਕਿਹਾ।

ਜਦੋਂ ਉਸ ਬਜ਼ੁਰਗ ਨੇ ਉਹ ਪਰਚਾ ਪੜ੍ਹਿਆ ਤਾਂ ਉਹ ਹੈਰਾਨ ਰਹਿ ਗਿਆ ਕਿ ਸਫਾਈ ਨਾ ਹੋਣ ਕਰਕੇ ਸਾਨੂੰ ਕਿੰਨੀਆਂ ਬੀਮਾਰੀਆਂ ਲੱਗ ਜਾਂਦੀਆਂ ਹਨ। ਫਿਰ ਉਸ ਬਜ਼ੁਰਗ ਨੇ ਸੋਚਿਆ ਮੈਂ ਇਹ ਗੱਲਾਂ ਉਨ੍ਹਾਂ ਲੋਕਾਂ ਨੂੰ ਦੱਸਾਂਗਾ, ਜਿਨ੍ਹਾਂ ਦੇ ਪਿੰਡ ਵਿਚ ਕੂੜੇ ਦੇ ਨਾਲ ਬਦਬੂ ਅਤੇ ਬੀਮਾਰੀਆਂ ਦਾ ਵੀ ਢੇਰ ਲਗਿਆ ਹੋਇਆ ਹੈ। ਮੈ ਇਹ ਗੱਲ ਦੱਸ ਕੇ ਉਹਨਾਂ ਨੂੰ ਸਫਾਈ ਪ੍ਰਤੀ ਜਾਗਰੂਕ ਕਰਾਂਗਾ।

ਜਦੋਂ ਉਸ ਨੇ ਪਿੰਡ ਵਾਲਿਆਂ ਨੂੰ ਕੂੜੇ ਦੇ ਢੇਰ ਤੋਂ ਹੋਣ ਵਾਲੀਆਂ ਬੀਮਾਰੀਆਂ ਬਾਰੇ ਦੱਸਿਆ ਤਾਂ ਉਹ ਉਸ ਬਜ਼ੁਰਗ ਤੇ ਹੱਸ ਪਏ, 'ਬਾਬਾ ਜੀ, ਇਹ ਗੱਲਾਂ ਤਾਂ ਕੋਈ ਬੱਚਾ ਵੀ ਜਾਣਦਾ ਹੈ। ਜਿਹੜੀਆਂ ਤੁਸੀਂ ਸਾਨੂੰ ਦੱਸ ਰਹੇ ਹੋ।

ਬਜ਼ੁਰਗ ਬੋਲਿਆ, ਜੇ ਤੁਹਾਨੂੰ ਇਹਨਾ ਗੱਲਾਂ ਬਾਰੇ ਪਤਾ ਹੈ ਤਾਂ ਤੁਸੀਂ ਕੋਈ ਕਦਮ ਕਿਉਂ ਨਹੀਂ ਚੁੱਕਦੇ?' ਕੁਝ ਬੰਦੇ ਕਹਿੰਦੇ , ਬਾਬਾ ਜੀ ਸਾਡੇ ਕੋਲ ਇਨ੍ਹਾਂ ਫਾਲਤੂ ਕੰਮਾਂ ਲਈ ਸਮਾਂ ਨਹੀਂ। ਕੁਝ ਉਸ ਦਾ ਮਜ਼ਾਕ ਉਡਾਉਣ ਲੱਗ ਪਏ। ਫਿਰ ਬਜ਼ੁਰਗ ਨੇ ਕਿਸੇ ਨੂੰ ਕੁਝ ਨਹੀਂ ਕਿਹਾ ਤੇ ਆਪਣੇ ਪਿੰਡ ਜਾ ਕੇ ਟਰੈਕਟਰ ਟਰਾਲੀ ਲਿਆ ਕੇ ਉਸ ਕੂੜੇ ਦੇ ਢੇਰ ਨੂੰ ਖੁਦ ਹੀ ਟੋਕਰਿਆਂ ਨਾਲ ਟਰਾਲੀ ਵਿਚ ਪਾਉਣ ਲੱਗ ਪਿਆ। ਸਾਰਾ ਪਿੰਡ ਉਹਦੇ ਵੱਲ ਖੜ੍ਹਾ ਦੇਖ ਰਿਹਾ ਸੀ।

ਇਕ ਘੰਟੇ ਬਾਅਦ ਉਹਨੂੰ ਦੇਖ ਕੇ ਇਕ ਬੰਦਾ ਹੋਰ ਉਸ ਨਾਲ ਲੱਗ ਗਿਆ। ਕੁਝ ਦੇਰ ਬਾਅਦ ਚਾਰ ਬੰਦੇ ਹੋਰ ਲੱਗ ਗਏ। ਹੌਲੀ-ਹੌਲੀ ਸਾਰਾ ਪਿੰਡ ਨਾਲ ਲੱਗ ਪਿਆ। ਇਸ ਤਰ੍ਹਾਂ ਉਹ ਵੱਡਾ ਕੂੜੇ ਦਾ ਢੇਰ ਸਿਰਫ ਕੁਝ ਘੰਟਿਆਂ ਵਿਚ ਹੀ ਚੁੱਕਿਆ ਗਿਆ। ਪਿੰਡ ਵਾਲਿਆਂ ਨੇ ਉਸ ਬਜ਼ੁਰਗ ਦਾ ਬਹੁਤ ਧੰਨਵਾਦ ਕੀਤਾ। ਬਜ਼ੁਰਗ ਨੂੰ ਇੰਜ ਲੱਗ ਰਿਹਾ ਸੀ ਜਿਵੇਂ ਉਸ ਨੇ ਕੋਈ ਜੰਗ ਜਿੱਤ ਲਈ ਹੋਵੇ।

❑ ਸੁਖਮੰਦਰ ਸਿੰਘ

ਬੱਚਿਉ ! ਦੁਨੀਆ ਵਚਿੱਤਰ ਜੀਵਾਂ ਨਾਲ ਭਰੀ ਪਈ ਹੈ, ਜਿਨ੍ਹਾਂ ਵਿਚੋਂ ਕੁਝ ਬਾਰੇ ਅੱਜ ਅਸੀਂ ਜਾਣਕਾਰੀ ਹਾਸਿਲ ਕਰਾਂਗੇ।

ਐਮੇਜ਼ਨ ਦੇ ਸੰਘਣੇ ਜੰਗਲਾਂ ਵਿਚ ਪਾਇਆ ਜਾਣ ਵਾਲਾ ਸਲਾਥ ਨਾਂ ਦਾ ਜਾਨਵਰ ਦਰੱਖਤਾਂ ਦੀਆਂ ਟਹਿਣੀਆਂ ਤੇ ਬਗੈਰ ਕੋਈ ਹਰਕਤ ਕੀਤੇ ਉਲਟਾ ਲਟਕਿਆ ਰਹਿੰਦਾ ਹੈ। ਇਹ ਬਾਂਦਰ ਦੀ ਹੀ ਇਕ ਕਿਸਮ ਹੈ। ਇਸ ਦੇ ਸਰੀਰ ਤੇ ਬਹੁਤ ਸੰਘਣੇ ਵਾਲ ਹੁੰਦੇ ਹਨ ਅਤੇ ਟਹਿਣੀਆਂ ਨੂੰ ਫੜਨ ਲਈ ਉਂਗਲਾਂ ਵੀ ਕਾਫੀ ਮਜ਼ਬੂਤ ਅਤੇ ਲੰਬੀਆਂ ਹੁੰਦੀਆਂ ਹਨ। ਲੰਬੇ ਅਤੇ ਸੰਘਣੇ ਵਾਲ ਇਸ ਨੂੰ ਤੇਜ਼ ਗਰਮੀ ਅਤੇ ਸਰਦੀ ਤੋਂ ਬਚਾਉਂਦੇ ਹਨ। ਇਹ ਇਕ ਸਾਊ ਜਾਨਵਰ ਹੈ।

ਵਰਖਾ ਵਾਲੇ ਜੰਗਲਾਂ ਵਿਚ ਬਹੁਤ ਸਾਰੀਆਂ ਕਿਸਮਾਂ ਦੇ ਬਾਂਦਰ ਪਾਏ ਜਾਂਦੇ ਹਨ, ਜਿਨ੍ਹਾਂ ਵਿਚੋਂ ਕਈਆਂ ਦੀ ਪੂਛ ਐਨੀ ਮਜ਼ਬੂਤ ਹੁੰਦੀ ਹੈ ਕਿ ਉਹ ਇਸ ਨਾਲ ਕਿਸੇ ਵੀ ਚੀਜ਼ ਨੂੰ ਆਸਾਨੀ ਨਾਲ ਫੜ ਸਕਦੇ ਹਨ।

ਐਮੇਜ਼ਨ ਦੇ ਵਰਖਾ ਵਾਲੇ ਜੰਗਲਾਂ ਵਿਚ ਪਾਈਆਂ ਜਾਣ ਵਾਲੀਆਂ ਬਿੱਲੀਆਂ ਦੀਆਂ ਦੋ ਹੀ ਕਿਸਮਾਂ ਹਨ – ਮਾਰਗੇ ਅਤੇ ਉਸੇਲੇਟ। ਇਹ ਦੋਵੇਂ ਹੀ ਦਰਖਤਾਂ ਤੇ ਚੜਨ ਵਿਚ ਨਿਪੁੰਨ ਹੁੰਦੀਆਂ ਹਨ। ਇਹ ਬਿੱਲੀਆਂ ਪੂਰਨ ਤੌਰ ਤੇ ਸ਼ਾਕਾਹਾਰੀ ਹਨ ਅਤੇ ਫਲ ਖਾ ਕੇ ਗੁਜ਼ਾਰਾ ਕਰਦੀਆਂ ਹਨ।

ਏਸ਼ੀਆਈ ਉਡੱਣ ਵਾਲੀਆਂ ਗਲਹਿਰੀਆਂ ਆਪਣੀਆਂ ਲੱਤਾਂ ਦੇ ਵਿਚਕਾਰ ਦੀ ਚਮੜੀ ਨੂੰ ਪੈਰਾਸ਼ੂਟ ਦੀ ਤਰ੍ਹਾਂ ਫੈਲਾਅ ਕੇ ਇਕ ਦਰੱਖਤ ਤੋਂ ਦੂਜੇ ਦਰੱਖਤ ਤਕ ਹਵਾ ਵਿਚ ਉਡੱ ਕੇ ਪਹੁੰਚ ਜਾਂਦੀਆਂ ਹਨ।

ਉਡੱਣ ਵਾਲਾ ਸੱਪ ਆਪਣੇ ਸਰੀਰ ਨੂੰ ਫੈਲਾਅ ਕੇ ਇਕ ਰਿਬਨ ਦੀ ਤਰ੍ਹਾਂ ਚਪਟਾ ਕਰ ਲੈਂਦਾ ਹੈ ਤਾਂ ਕਿ ਉਹ ਹਵਾ ਵਿਚ ਉਡੱਦਾ ਰਹਿ ਸਕੇ।

ਬੁਸ਼ ਮਾਸਟਰ ਨਾਂ ਦਾ ਸੱਪ ਦਰਖਤਾਂ ਦੀਆਂ ਸਿਖਰਲੀਆਂ ਟਹਿਣੀਆਂ ਤੇ ਰਹਿੰਦਾ ਹੈ। ਇਸ ਦੇ ਸਿਰ ਤੇ ਗਰਮੀ ਪ੍ਰਤੀ ਸੰਵੇਦਨਸ਼ੀਲ ਪੈਚਜ਼ ਹੁੰਦੇ ਹਨ ਤਾਂ ਕਿ ਇਹ ਆਪਣੇ ਸ਼ਿਕਾਰ ਨੂੰ ਉਸ ਦੇ ਸਰੀਰ ਦੀ ਗਰਮੀ ਨੂੰ ਭਾਂਪ ਕੇ ਲੱਭ ਸਕੇ। ਇਸ ਦਾ ਡੰਗ ਮਨੁੱਖ ਦੀ ਜਾਨ ਲੈ ਸਕਦਾ ਹੈ।

ਐਨਾਕੋਂਡਾ ਵਿਸ਼ਵ ਦਾ ਸਭ ਤੋਂ ਵੱਡਾ ਸੱਪ ਹੈ, ਜੋ ਦੱਖਣੀ ਅਫਰੀਕਾ ਅਤੇ ਤ੍ਰਿਨੀਦਾਦ ਵਿਚ ਪਾਇਆ ਜਾਂਦਾ ਹੈ। ਇਸ ਦਾ ਭਾਰ 150 ਕਿਲੋਗ੍ਰਾਮ ਦੇ ਕਰੀਬ ਹੁੰਦਾ ਹੈ ਅਤੇ ਇਹ ਆਪਣੇ ਸ਼ਿਕਾਰ ਦੇ ਦੁਆਲੇ ਲਿਪਟ ਕੇ ਉਸ ਨੂੰ ਦਬਾਅ ਕੇ ਮਾਰ ਦਿੰਦਾ ਹੈ। ਇਹ ਮੁੱਖ ਤੌਰ ਤੇ ਪੰਛੀਆਂ, ਹਿਰਨਾਂ , ਗਲਹਿਰੀਆਂ ਆਦਿ ਨੂੰ ਖਾ ਕੇ ਗੁਜ਼ਾਰਾ ਕਰਦਾ ਹੈ।

ਪ੍ਰਿਥਵੀ ਤੇ ਹੁਣ ਤੱਕ ਪਾਇਆ ਜਾਣ ਵਾਲਾ ਸਭ ਤੋਂ ਵੱਡਾ ਜੀਵ ਹੈ ਨੀਲ ਵ੍ਹੇਲ। ਇਹ ਪ੍ਰਿਥਵੀ ਤੇ ਕਦੇ ਪਾਏ ਜਾਣ ਵਾਲੇ ਡਾਇਨਾਸੋਰ ਤੋਂ ਵੀ ਵੱਡਾ ਹੈ। ਇਸ ਦਾ ਭਾਰ ਕਈ ਕਾਰਾਂ ਦੇ ਬਰਾਬਰ ਹੁੰਦਾ ਹੈ।

ਜਿਰਾਫ ਧਰਤੀ ਤੇ ਪਾਇਆ ਜਾਣ ਵਾਲਾ ਸਭ ਤੋਂ ਉਚੱਾ ਜੀਵ ਹੈ। ਆਪਣੀ ਲੰਬੀ ਗਰਦਨ ਕਾਰਨ ਇਹ ਇਕ-ਦੋ ਮੰਜਿਲਾ ਇਮਾਰਤ ਦੀ ਉਚਾਈ ਤੱਕ ਪਹੁੰਚ ਸਕਦਾ ਹੈ।

ਅਫਰੀਕਾ ਦਾ ਸਿਤਾਤੁੰਗਾ ਮ੍ਰਿਗ ਨਾਂ ਦਾ ਜੀਵ ਆਪਣਾ ਸਾਰਾ ਦਿਨ ਪਾਣੀ ਵਿਚ ਰਹਿ ਕੇ ਹੀ ਬਤੀਤ ਕਰਦਾ ਹੈ। ਇਸ ਦੀ ਗਰਦਨ ਦਾ ਉਪਰਲਾ ਹਿੱਸਾ ਹੀ ਪਾਣੀ ਤੋਂ ਬਾਹਰ ਰਹਿੰਦਾ ਹੈ। ਰਾਤ ਹੋਣ ਤੇ ਹੀ ਇਹ ਪਾਣੀ ਤੋਂ ਬਾਹਰ ਆਉਂਦਾ ਹੈ ਅਤੇ ਘਾਹ ਚਰਦਾ ਹੈ।

ਪੈਲਿਕਨ ਇਕ ਅਜਿਹੀ ਚਿੜੀ ਹੈ, ਜਿਸ ਦੇ ਮੂੰਹ ਵਿਚ ਪੇਟ ਤੋਂ ਜ਼ਿਆਦਾ ਭੋਜਨ ਸਮਾ ਜਾਂਦਾ ਹੈ। ਇਹ ਚੁੰਝ ਦੇ ਹੇਠਾਂ ਲਟਕਵੀਂ ਆਪਣੀ ਥੈਲੀ ਵਿਚ ਹਫਤੇ ਭਰ ਦਾ ਭੋਜਨ ਰੱਖ ਸਕਦੀ ਹੈ। ਇਸ ਦੀਆਂ 7 ਕਿਸਮਾਂ ਹਨ। ਇਹਨਾਂ ਵਿਚੋਂ 5 ਚਿੱਟੇ ਪਰਾਂ ਵਾਲੀਆਂ ਹੁੰਦੀਆਂ ਹਨ। ਇਨ੍ਹਾਂ ਵਿਚੋਂ ਦੋ ਭੂਰੀ ਕਿਸਮ ਦੀਆਂ ਹੁੰਦੀਆਂ ਹਨ ਜੋ ਕਿ ਉਤੱਰ ਅਤੇ ਦੱਖਣੀ ਅਮਰੀਕਾ ਦੇ ਤੱਟੀ ਖੇਤਰਾਂ ਵਿਚ ਪਾਈਆਂ ਜਾਂਦੀਆਂ ਹੈ।

❑ ਪੂਰਨਿਮਾ

ਜੰਕ ਫੂਡ ਤੋਂ ਬਚੋ

ਪੇਸਟ੍ਰੀਜ਼ ਅਤੇ ਪੈਟੀਜ਼ ਵਿਚ ਅਕਸਰ ਪਾਬੰਦੀਸ਼ੁਦਾ

ਪਿਛਲੇ ਕੁਝ ਸਾਲਾਂ ਤੋਂ ਛੋਟੇ-ਛੋਟੇ ਸ਼ਹਿਰਾਂ ਅਤੇ ਕਸਬਿਆਂ ਵਿਚ ਫਾਸਟ ਫੂਡ ਦੀ ਵਧਦੀ ਹਰਮਨ-ਪਿਆਰਤਾ ਨੇ ਘਰ ਵਿਚ ਬਣਾਏ ਜਾਣ ਵਾਲੇ ਪਕਵਾਨਾਂ ਨੂੰ ਬਹੁਤ ਪਿੱਛੇ ਛੱਡ ਦਿੱਤਾ ਹੈ।

ਦੋ ਚਾਰ ਮਿੰਟ ਵਿਚ ਤਿਆਰ, ਖੜ੍ਹੇ-ਖੜ੍ਹੇ ਖਾਧੇ ਜਾਣ ਵਾਲੇ ਇਨ੍ਹਾਂ ਚਟਪਟੇ ਜੰਕ ਫੂਡ ਨੂੰ ਪਹਿਲਾਂ ਅਮੀਰ ਵਰਗ ਦੇ ਨੌਜਵਾਨਾਂ ਨੇ ਅਪਣਾਇਆ।ਫਿਰ ਉਹਨਾਂ ਦੀ ਦੇਖਾ-ਦੇਖੀ ਮੱਧ ਵਰਗ ਦੇ ਲੋਕਾਂ ਵਿਚ ਵੀ ਇਹ ਸਟੇਟਸ ਸਿੰਬਲ ਦੇ ਰੂਪ ਵਿਚ ਉਭਰਨ ਲੱਗਾ।

ਵੱਡਿਆਂ ਦੀ ਦੇਖਾ-ਦੇਖੀ ਬੱਚਿਆਂ ਅਤੇ ਅੱਲ੍ਹੜਾਂ ਵਿਚ ਵੀ ਇਨ੍ਹਾਂ ਦੀ ਹਰਮਨ-ਪਿਆਰਤਾ ਐਨੀ ਵਧੀ ਕਿ ਅੱਜ ਤਾਂ ਬੱਚੇ ਟਿਫਨ ਬਾਕਸ ਵਿਚ ਰੋਟੀ, ਸਬਜ਼ੀ ਜਾਂ ਪਰੌਠਾ ਸਬਜ਼ੀ ਲਿਜਾਣ ਦੀ ਬਜਾਏ ਕ੍ਰੀਮਰੋਲ, ਪੀਜ਼ਾ , ਨੂਡਲ, ਪਾਸਤਾ, ਚਾਊਮਿਨ, ਬਰਗਰ ਲਿਜਾਣਾ ਜ਼ਿਆਦਾ ਪਸੰਦ ਕਰਦੇ ਹਨ।

ਕਈ ਖੋਜਾਂ ਤੋਂ ਬਾਅਦ ਇਹ ਪਤਾ ਲੱਗਾ ਹੈ ਕਿ ਜੰਕ ਫੂਡ ਕਹੇ ਜਾਣ ਵਾਲੇ ਫਾਸਟ ਫੂਡ ਖਾਣ ਨਾਲ ਵੱਡੀ ਅੰਤੜੀ ਦਾ ਕੈਂਸਰ, ਜਿਗਰ ਵਿਚ ਖਰਾਬੀ, ਦਿਲ ਦੇ ਰੋਗ, ਗੈਸਟ੍ਰਿਕ ਅਲਸਰ, ਪਾਚਣ ਕਿਰਿਆ ਦੇ ਨੁਕਸ, ਜਲਣ (ਪੇਟ ਵਿਚ), ਸਿਰਦਰਦ, ਅੱਖਾ ਵਿਚ ਦਰਦ ਵਗੈਰਾ ਹੋਣ ਦਾ ਡਰ ਬਣਿਆ ਰਹਿੰਦਾ ਹੈ।

ਭੋਜਨ ਵਿਗਿਆਨੀਆਂ ਦੇ ਅਨੁਸਾਰ ਇਨ੍ਹਾਂ ਜੰਕ ਫੂਡਸ ਵਿਚ ਚਰਬੀ ਦੀ ਮਾਤਰਾ ਤਾਂ ਬਹੁਤ ਜ਼ਿਆਦਾ ਹੁੰਦੀ ਹੈ ਪਰ ਵਿਟਾਮਿਨ ਅਤੇ ਫਾਈਬਰ ਨਹੀਂ ਦੇ ਬਰਾਬਰ ਹੁੰਦੇ ਹਨ। ਵਾਰ-ਵਾਰ ਗਰਮ ਕੀਤੇ ਜਾਣ ਨਾਲ ਇਨ੍ਹਾਂ ਵਿਚ ਪੌਸ਼ਟਿਕ ਤੱਤ ਖਤਮ ਹੋ ਜਾਂਦੇ ਹਨ। ਰੰਗਾਂ ਦੀ ਵਰਤੋਂ ਹੁੰਦੀ ਹੈ। ਡੱਬਾਬੰਦ ਭੋਜਨ ਮਿਆਦ ਲੰਘੀ ਤਾਰੀਖ ਤੋਂ ਬਾਅਦ ਵਰਤਣ ਨਾਲ ਨੁਕਸਾਨ ਪਹੁੰਚਦਾ ਹੈ।

ਜੰਕ ਫੂਡ ਨੂੰ ਲੰਬੇ ਸਮੇਂ ਤਕ ਸੁਰੱਖਿਅਤ ਕਰਨ ਲਈ ਇਨਾਂ ਵਿਚ ਕਈ ਤਰ੍ਹਾਂ ਦੇ ਪ੍ਰਿਜਰਵੇਟਿਵ ਮਿਲਾਏ ਜਾਂਦੇ ਹਨ, ਜੋ ਮਨੁੱਖੀ ਸਰੀਰ ਵਿਚ ਕਈ ਤਰ੍ਹਾਂ ਦੇ ਮਾੜੇ ਪ੍ਰਭਾਵ ਛੱਡਦੇ ਹਨ। ਚੀਨੀ ਪਕਵਾਨਾ ਵਿਚ ਅਕਸਰ ਇਸਤੇਮਾਲ ਹੋਣ ਵਾਲੇ ਅਜੀਨੋਮੋਟੋ ਸਾਲਟ ਦੇ ਜ਼ਿਆਦਾ ਮਾਤਰਾ ਵਿਚ ਖਾਣ ਨਾਲ ਪੇਟ ਵਿਚ ਐਸੀਡਿਟੀ, ਸਿਰ ਵਿਚ ਦਰਦ ਅਤੇ ਚਿੜਚਿੜਾਪਨ ਹੋਣਾ ਆਮ ਗੱਲ ਹੈ।

ਇਸ ਤੋਂ ਇਲਾਵਾ ਜੰਕਫੂਡ ਨੂੰ ਜਦੋਂ ਸ਼ੁੱਧ ਅਤੇ ਕੀਟਾਣੂ ਰਹਿਤ ਤਰੀਕੇ ਨਾਲ ਨਾ ਪਕਾਇਆ ਜਾਵੇ ਤਾਂ ਉਸ ਨਾਲ ਪੇਚਿਸ਼ ਅਤੇ ਡਾਇਰਿਆ ਹੋਣਾ ਵੀ ਆਮ ਗੱਲ ਹੈ। ਇਸ ਤੋਂ ਇਲਾਵਾ ਮੋਬਾਈਲ ਵੈਨ ਵਿਚ ਵਿਕਣ ਵਾਲੇ ਚਟਪਟੇ ਜੰਕ ਫੂਟ ਅਕਸਰ ਮੱਖੀ , ਮੱਛਰ ਅਤੇ ਧੂੜ ਵਗੈਰਾ ਦੇ ਸ਼ਿਕਾਰ ਹੁੰਦੇ ਹਨ।

ਬਿਹਤਰ ਇਹੀ ਹੋਵੇਗਾ ਬੱਚੇ ਇਹਨਾਂ ਬਾਜ਼ਾਰੂ ਹਾਨੀਕਾਰਕ ਪਕਵਾਨਾ ਦੇ ਇਸਤੇਮਾਲ ਤੋਂ ਬਚਣ। ਇਨ੍ਹਾਂ ਚਟਪਟੇ ਪਕਵਾਨਾਂ ਦੀ ਥਾਂ ਹਰਾ ਸਲਾਦ , ਦਹੀ, ਟਮਾਟਰ, ਪਨੀਰ , ਮੂੰਗਫਲੀ ਆਦਿ ਵੀ ਖਾਣੇ ਵਿਚ ਵਰਤੋ ਤਾਂ ਕਿ ਸਰੀਰ ਵਿਚ ਪੋਸ਼ਕ ਤੱਤਾਂ ਦੀ ਕਮੀ ਨਾ ਰਹੇ।

❑ ਸੁਰਜੀਤ ਦੇਵਲ

ਆਈ ਐ ਦੀਵਾਲੀ

ਆਈ ਐ ਦੀਵਾਲੀ, ਅਸੀਂ ਘਰਾਂ ਨੂੰ ਸਜਾ ਕੇ
ਰੱਖੀਏ ਬਨੇਰਿਆਂ ਤੇ, ਦੀਵੇ ਜਗਾ ਕੇ।

ਰਾਮ ਜੀ ਅਯੁੱਧਿਆ, ਬਨਵਾਸ ਮੁੜ ਆਏ ਸੀ।
ਬੰਦੀਛੋੜ ਕੈਦੀ ਰਾਜਿਆਂ ਨੂੰ ਛੁਡਾ ਲਿਆਏ ਸੀ।
ਬਦੀ ਉਤੇ ਜਿੱਤ ਦੇ, ਡੰਕੇ ਵਜਾ ਕੇ
ਰੱਖੀਏ ਬਨੇਰਿਆਂ ਤੇ ...

ਮੱਚਣਗੇ ਦੀਵੇ ਇਹ, ਹਨੇਰੇ ਨੂੰ ਭਜਾਉਗੇ।
ਏਕਤਾ ਦੀ ਸ਼ਕਤੀ, ਰਲ ਕੇ ਵਿਖਾਉਣਗੇ।
ਬਣਦੇ ਦੀਵਾਲੀ ਇਹੋ, ਏਕਤਾ ਚ ਆ ਕੇ
ਰੱਖੀਏ ਬਨੇਰਿਆਂ ਤੇ ...

ਇਸ ਦਿਨ ਰੱਖੋ, ਮਠਿਆਈਆਂ ਕੋਲੋਂ ਦੂਰੀ।
ਸੁੱਕੇ ਮੇਵੇ, ਫਲ ਖਾ ਕੇ, ਰੀਝ ਕਰੋ ਪੂਰੀ।
ਰੱਖਿਉ ਨਸੀਹਤ ਇਹ ਮਨਾ ਚ ਵਸਾ ਕੇ
ਰੱਖੀਏ ਬਨੇਰਿਆਂ ਤੇ ...

ਅਸੀਂ ਤਾਂ ਪਟਾਕਿਆਂ ਨੂੰ ਭੁੱਲ ਕੇ ਚਲਾਉਣਾ ਨਹੀਂ।
ਦੇਵਲ' ਦੇਸ਼ ਵਿਚ ਪ੍ਰਦੂਸ਼ਣ ਫੈਲਾਉਣਾ ਨਹੀਂ।
ਸ਼ੁੱਧ ਵਾਤਾਵਰਣ ਰਖੀਏ ਬਣਾ ਕੇ
ਰਖੀਏ ਬਨੇਰਿਆਂ ਤੇ ...

ਸਤੰਬਰ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

ਪਹਿਲਾ ਨੰ :

ਮਹਿਕਦੀਪ ਸ਼ਰਮਾ (ਉਮਰ 11 ਸਾਲ)
ਪਿੰਡ ਤੇ ਡਾਕਖਾਨਾ - ਭਵਾਨੀਗੜ
ਜਿਲਾ - ਸੰਗਰੂਰ (ਪੰਜਾਬ - 148026)

ਦੂਸਰਾ ਨੰ :

ਏਕਤਾ (ਉਮਰ 8 ਸਾਲ)
ਪਿੰਡ ਤੇ ਡਾਕਖਾਨਾ - ਰਰੀਕੇ ਪੱਤਣ
ਜਿਲਾ - ਤਰਨਤਾਰਨ

ਤੀਸਰਾ ਨੰ :

ਜਨਤ-ਮਨਤ (ਉਮਰ 5 ਸਾਲ)
ਮਕਾਨ ਨੰ : 560, ਗਲੀ ਨੰ : 2
ਨਿਊ ਰਣਜੀਤ ਪੁਰਾ, ਡਾਕਖਾਨਾ - ਛੇਹਰਟਾ
ਜਿਲਾ - ਅੰਮ੍ਰਿਤਸਰ

ਪਸੰਦ ਕੀਤੇ ਗਏ -

ਹੈਵਨ ਸੁਮਨ (ਫਗਵਾੜਾਂ)
ਸੁਖਪ੍ਰੀਤ ਸਿੰਘ (ਮਾਨਸਾ)
ਦਿਲਪ੍ਰੀਤ ਸਿੰਘ (ਲਹਿਲਕਲਾਂ)
ਸੁਨੀਤਾ (ਨਵਾਂ ਸ਼ਹਿਰ)
ਨਿਤਿਨ ਕੰਡਾ (ਤਲਵੰਡੀ ਭਾਈ)
ਭੱਵਿਤਾ (ਚਵਿੰਡਾ ਦੇਵੀ)
ਜਗਨੂਰ ਸਿੰਘ (ਹਰਦੇਵ ਨਗਰ)
ਅਰਸ਼ਦੀਪ ਕੌਰ (ਸੂਲਰ)
ਨਵਜੀਤ (ਮੋਹਾਲੀ)
ਸਾਹਿਲ ਸੇਠੀ (ਤਲਵੰਡੀ ਭਾਈ)
ਮਾਨਸੀ (ਨਿਰੰਕਾਰੀ ਕਾਲੋਨੀ)
ਪ੍ਰਨਵ ਕੁਮਾਰ (ਪਾਸਲਾ)
ਨਿਰਮਿਤ ਅਹੂਤਾ (ਫਰੀਦਕੋਟ)
ਸਿਮਰਨ ਕੌਰ (ਧਰਮਪੁਰਾ)
ਜਸਜੋਤ ਕੌਰ (ਕਰਤਾਰ ਨਗਰ)
ਪਰਵੀਨ ਕੌਰ (ਚਿਹੇੜੂ)
ਵਿਦਿਤ (ਖੁਸ਼ਹਾਲ ਪੁਰ)
ਯਸ਼ਿਕਾ (ਡੇਰਾ ਬਾਬਾ ਨਾਨਕ)

ਨਵੰਬਰ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਸਾਹਮਣੇ ਵਾਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ 25 ਨਵੰਬਰ 2017 ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ ਜਨਵਰੀ 2018 ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ।

15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।

ਰੰਗ ਭਰੋ



ਨਾਂ .....ਉਮਰ.....

ਪੂਰਾ ਪਤਾ.....

.....

.....



ਬਾਲ ਕਹਾਣੀ - ਵੈਦੇਹੀ ਸ਼ਰਮਾ

ਚੀਕੂ ਖਰਗੋਸ਼

ਫਿਰ ਹਾਰ ਗਿਆ

ਨੰਦਨਵਨ ਵਿਚ ਸ਼ਾਮ ਨੂੰ ਬਹੁਤ ਸਾਰੇ ਜਾਨਵਰ ਇਕੱਠੇ ਹੋਏ ਤਾਂ ਚੀਕੂ ਖਰਗੋਸ਼ ਉਛਲ-ਉਛੱਲ ਕੇ ਸ਼ਹਿਰ ਦੇ ਕਿੱਸੇ ਸੁਣਾਉਣ ਲੱਗ ਗਿਆ। ਚੀਕੂ ਕੁਝ ਦਿਨ ਪਹਿਲਾਂ ਆਪਣੇ ਮਾਮਾ ਜੀ ਦੇ ਘਰ ਗਿਆ ਸੀ। ਮਾਮਾ ਦੇ ਘਰ ਉਸ ਨੇ ਟੀ.ਵੀ ਵਿਚ ਕੋਈ ਫਿਲਮ ਵੇਖੀ ਤਾਂ ਉਥੋਂ ਵਾਪਸ ਆ ਕੇ ਗੱਪਾਂ ਮਾਰਨ ਲੱਗ ਗਿਆ।

ਚੀਕੂ ਨੂੰ ਵਾਰ-ਵਾਰ ਉਛਲਦਾ ਅਤੇ ਜ਼ੋਰ-ਜ਼ੋਰ ਦੀ ਬੋਲਦਾ ਵੇਖ ਕੇ ਕਾਲੂ ਕਛੂਏ ਨੇ ਕਿਹਾ - ਚੀਕੂ ਭਰਾ ! ਟੀ.ਵੀ ਉਤੇ ਫਿਲਮ ਵੇਖਣ ਵਿਚ ਐਨੀਆਂ ਗੱਪਾਂ ਨਾਂ ਮਾਰ। ਅਸੀਂ ਵੀ ਕਦੇ ਸ਼ਹਿਰ ਜਾਵਾਂਗੇ ਤਾਂ ਟੀ.ਵੀ ਉਤੇ ਫਿਲਮ ਵੇਖ ਲਵਾਂਗੇ।

ਤੁਸੀਂ ਸ਼ਹਿਰ ਹੀ ਨਹੀਂ ਜਾ ਸਕਦੇ । ਜੇਕਰ ਅੱਜ ਚਲੋਗੇ ਤਾਂ ਕਈ ਮਹੀਨਿਆਂ ਬਾਅਦ ਸ਼ਹਿਰ ਪਹੁੰਚੋਗੇ। - ਚੀਕੂ ਨੇ ਕਿਹਾ।

ਕਾਲੂ ਨੇ ਕਿਹਾ - ਚੀਕੂ ਭਰਾ ! ਤੈਨੂੰ ਆਪਣੇ ਤੇਜ਼ ਭੱਜਣ ਉਤੇ ਬਹੁਤ ਗਰਵ ਹੈ। ਯਾਦ ਰੱਖੀਂ ਮੇਰੇ ਦਾਦਾ ਜੀ ਨੇ ਤੇਰੇ ਦਾਦਾ ਜੀ ਨੂੰ ਦੌੜ ਵਿਚ ਹਰਾਅ ਦਿੱਤਾ ਸੀ। ਚੀਕੂ ਨੇ ਕਿਹਾ - ਮੈਂ ਤੈਨੂੰ ਕੁਝ ਹੀ ਮਿੰਟਾ ਵਿਚ ਹਰਾਅ ਦਿਆਂਗਾ।

ਕਾਲੂ ਨੇ ਕਿਹਾ - ਠੀਕ ਹੈ ! ਜੇਕਰ ਤੈਨੂੰ ਆਪਣੇ ਭੱਜਣ ਉਤੇ ਬਹੁਤ ਗਰਵ ਹੈ ਤਾਂ ਕੱਲ ਸਵੇਰੇ ਜੰਗਲ ਦੇ ਕਿਨਾਰੇ ਤੋਂ ਨਦੀ ਕਿਨਾਰੇ ਤਕ ਦੌੜ ਕੇ ਵੇਖ ਲੈਂਦੇ ਹਾਂ।

ਚੀਕੂ ਖਰਗੋਸ਼ ਅਤੇ ਕਾਲੂ ਕਛੂਏ ਦੀ ਦੌੜ ਪੱਕੀ ਹੋ ਗਈ।

ਅਗਲੇ ਦਿਨ ਨੰਦਨਵਨ ਦੇ ਬਹੁਤ ਸਾਰੇ ਜਾਨਵਰ ਦੌੜ ਵੇਖਣ ਲਈ ਜੰਗਲ ਦੇ ਕਿਨਾਰੇ ਇਕੱਠੇ ਹੋ ਗਏ। ਕੁਝ ਜਾਨਵਰ ਨਦੀ ਦੇ ਕਿਨਾਰੇ ਖੜੇ ਹੋ ਗਏ। ਦੌੜ ਸ਼ੁਰੂ ਹੋ ਗਈ। ਕੁਝ ਹੀ ਮਿੰਟਾਂ

ਵਿਚ ਚੀਕੂ ਦੌੜ ਕੇ ਬਹੁਤ ਦੂਰ ਪਹੁੰਚ ਗਿਆ। ਕਾਲੂ ਵੀ ਹੌਲੀ-ਹੌਲੀ ਨਦੀ ਵਲ ਚੱਲਣ ਲੱਗਾ।

ਬਹੁਤ ਦੂਰ ਜਾ ਕੇ ਚੀਕੂ ਨੇ ਵੇਖਿਆ ਤਾਂ ਕਾਲੂ ਕਿਤੇ ਵੀ ਨਜ਼ਰ ਨਹੀਂ ਆਇਆ। ਅੰਬ ਦੇ ਰੁੱਖ ਦੇ ਥੱਲੇ ਬੈਠ ਕੇ ਚੀਕੂ ਅਰਾਮ ਕਰਨ ਲੱਗ ਗਿਆ। ਫਿਰ ਉਸ ਦੀ ਨਜ਼ਰ ਅੰਬ ਦੇ ਰੁੱਖ ਤੇ ਲੱਗੇ ਵੱਡੇ ਵੱਡੇ ਅੰਬਾਂ ਉਤੇ ਪੈ ਗਈ। ਉਸ ਦੇ ਮੂੰਹ ਵਿਚ ਪਾਣੀ ਆ ਗਿਆ। ਰੁੱਖ ਉਤੇ ਲੱਗੇ ਅੰਬ ਤੋੜਨਾ ਬਹੁਤ ਮੁਸ਼ਕਿਲ ਸੀ। ਖਰਗੋਸ਼ ਨੂੰ ਰੁੱਖ ਉਤੇ ਚੜ੍ਹਨਾ ਨਹੀਂ ਆਉਂਦਾ ਸੀ। ਫਿਰ ਉਸ ਨੂੰ ਕਾਲੂ ਦਾ ਧਿਆਨ ਆਇਆ ਅਤੇ ਉਹ ਫਿਰ ਨਦੀ ਵਲ ਭੱਜਣ ਲੱਗ ਗਿਆ।

ਤੇਜ਼ੀ ਨਾਲ ਭੱਜਦੇ ਹੋਏ ਚੀਕੂ ਇਕ ਖੇਤ ਦੇ ਕੋਲ ਪਹੁੰਚ ਗਿਆ। ਉਸ ਖੇਤ ਦੇ ਕੋਲ ਇਕ ਲੱਕੜ ਦੀ ਪੌੜੀ ਪਈ ਸੀ। ਚੀਕੂ ਦੇ ਮਨ ਵਿਚ ਇਕ ਗੱਲ ਆਈ ਕਿ ਜੇਕਰ ਮੈਂ ਇਸ ਪੌੜੀ ਨੂੰ ਚੁੱਕ ਕੇ ਰੁੱਖ ਦੇ ਕੋਲ ਲੈ ਜਾਵਾਂ ਤਾਂ ਮੈਂ ਰੁੱਖ ਉਤੇ ਚੜ੍ਹ ਕੇ ਮਜ਼ੇ ਨਾਲ ਅੰਬ ਖਾ ਸਕਦਾ ਹਾਂ। ਜਦ ਤਕ ਕਾਲੂ ਇਥੇ ਆਏਗਾ ਮੈਂ ਤੇਜ਼ੀ ਨਾਲ ਉਤਰ ਕੇ ਨਦੀ ਕਿਨਾਰੇ ਪਹੁੰਚ ਜਾਵਾਂਗਾ। ਰੁੱਖ ਉਤੇ ਚੜ੍ਹ ਕੇ ਮਜ਼ੇ ਨਾਲ ਅੰਬ ਖਾ ਲਵਾਂਗਾ ਅਤੇ ਦੌੜ ਵੀ ਜਿੱਤ ਜਾਵਾਂਗਾ।

ਚੀਕੂ ਪੌੜੀ ਚੁਕ ਕੇ ਰੁੱਖ ਦੇ ਕੋਲ ਪਹੁੰਚ ਗਿਆ ਅਤੇ ਮਜ਼ੇ ਲਾਲ ਅੰਬ ਖਾਣ ਲੱਗ ਗਿਆ। ਅੰਬ ਖਾਣ ਦੇ ਚੱਕਰ ਵਿਚ ਚੀਕੂ ਕਾਲੂ ਨੂੰ ਬਿਲਕੁਲ ਭੁੱਲ ਗਿਆ। ਕਾਲੂ ਰੁੱਖ ਦੇ ਕੋਲੋਂ ਦੀ ਲੰਘ ਕੇ ਅੱਗੇ ਚਲਾ ਗਿਆ। ਲੇਕਿਨ ਚੀਕੂ ਨੂੰ ਕੁਝ ਪਤਾ ਨਹੀ ਚਲਿਆ।

ਅੰਬ ਖਾ ਕੇ ਚੀਕੂ ਰੁੱਖ ਤੋਂ ਥੱਲੇ ਉਤਰ ਆਇਆ।

ਕਾਲੂ ਨੂੰ ਅਪਣੇ ਕੋਲ ਨਾ ਵੇਖ ਕੇ ਚੀਕੂ ਖੁਸ਼ੀ ਨਾਲ ਉਛਲਦਾ ਹੋਇਆ ਨਦੀ ਵਲ ਦੌੜਨ ਲੱਗਾ।

ਨਦੀ ਦੇ ਕਿਨਾਰੇ ਪਹੁੰਚ ਕੇ ਚੀਕੂ ਨੇ ਕਾਲੂ ਨੂੰ ਵੇਖਿਆ ਤਾਂ ਉਸ ਨੂੰ ਪਸੀਨੇ ਆ ਗਏ। ਅੰਬ ਖਾਣ ਦੇ ਚੱਕਰ ਵਿਚ ਚੀਕੂ ਕਾਲੂ ਤੋਂ ਹਾਰ ਗਿਆ।

ਨੰਦਨਵਨ ਦੇ ਜਾਨਵਰਾਂ ਨੇ ਫੁੱਲਾਂ ਦਾ ਹਾਰ ਪਾ ਕੇ ਕਾਲੂ ਦਾ ਸੁਆਗਤ ਕੀਤਾ।

ਪਿਆਰੇ ਬੱਚਿਉ! ਇਸ ਕਹਾਣੀ ਤੋਂ ਸਾਨੂੰ ਇਹ ਸਿਖਿਆ ਮਿਲਦੀ ਹੈ ਕਿ ਅੰਬ ਖਾਣ ਦੇ ਲਾਲਚ ਵਿਚ ਚੀਕੂ ਖਰਗੋਸ਼ ਫਿਰ ਤੋਂ ਹਾਰ ਗਿਆ।

ਲਾਲਚ ਬੁਰੀ ਬਲਾ ਹੈ।

❑ ਰਾਜਵੰਤ ਸਿੰਘ

ਕਿੱਧਰ ਚਲੇ ਗਏ ਮੇਰੇ ਪਿੰਡ ਵਾਲੇ ਬੋਹੜ

ਪੁਰਾਣੇ ਵੇਲਿਆਂ ਚ ਕੱਚੇ ਘਰ ਹੁੰਦੇ ਸਨ ਤੇ ਗਰਮੀ ਦੀ ਸ਼ੁਰੂਆਤ ਚ ਘਰਾਂ ਦੀਆਂ ਔਰਤਾਂ ਕੱਚੇ ਘਰਾਂ ਨੂੰ ਮਿੱਟੀ ਲਾਉਣਾ ਸ਼ੁਰੂ ਕਰ ਦਿੰਦੀਆਂ ਸਨ ਤਾਂ ਜੋ ਕਮਰੇ ਠੰਢਕ ਦੇਣ। ਲੋਕਾਂ ਵਿਚ ਗਰਮੀ ਨੂੰ ਲੈ ਕੇ ਕਈ ਸ਼ੌਕ ਵੀ ਹੁੰਦੇ ਹਨ। ਪੁਰਾਣੇ ਵੇਲਿਆਂ ਚ ਪਿੰਡਾਂ ਦੇ ਲੋਕ ਠੰਢੇ ਪਾਣੀ ਲਈ ਮਿੱਟੀ ਦਾ ਘੜਾ ਇਸਤੇਮਾਲ ਕਰਦੇ ਸਨ ਤੇ ਗਰਮੀ ਦੇ ਦਿਨ ਪਿੰਡ ਦੀ ਸਾਂਝੀ ਥਾਂ ਤੇ ਲੱਗੇ ਕਿਸੇ ਬੋਹੜ ਹੇਠਾਂ ਹੀ ਬਿਤਾਉਣਾ ਪਸੰਦ ਕਰਦੇ ਸਨ। ਇਹ ਬੋਹੜ ਦੇ ਦਰਖਤ ਜੋ ਸਾਨੂੰ ਅੱਜ ਵੀ ਆਪਣੇ ਪਿੰਡਾਂ ਵਿਚ ਵਿਰਲੇ ਵਿਰਲੇ ਦੇਖਣ ਨੂੰ ਮਿਲ ਜਾਣਗੇ, ਕਦੇ ਸਾਰੇ ਪਿੰਡਾਂ ਦੀ ਸ਼ਾਨ ਹੁੰਦੇ ਸਨ। ਅਕਸਰ ਬੋਹੜ ਦੇ ਦਰਖਤ ਹੇਠਾਂ ਸਾਨੂੰ ਪਿੰਡ ਦੇ ਲੋਕਾਂ ਤੇ ਬਜ਼ੁਰਗਾਂ ਦਾ ਝੁੰਡ ਦਿਖਾਈ ਦੇ ਹੀ ਦਿੰਦਾ ਸੀ। ਪਹਿਲਾਂ ਦੇ ਲੋਕਾਂ ਚ ਆਪਸੀ ਸਾਂਝ ਤੇ ਪਿਆਰ ਵੀ ਹੁੰਦਾ ਸੀ, ਤਾਂ ਹੀ ਲੋਕ ਇਕੱਠੇ ਬੈਠ ਕੇ ਬੋਹੜ ਦੀ ਛਾਵੇਂ ਆਪਣਾ ਸਮਾਂ ਬਤੀਤ ਕਰਦੇ ਸਨ। ਜ਼ਿਆਦਾਤਰ ਵੇਖਿਆ ਜਾਂਦਾ ਸੀ ਕਿ ਗਰਮੀ ਦੇ ਦਿਨਾਂ ਵਿਚ ਘਰ ਦੇ ਬਜ਼ੁਰਗ ਜਦੋਂ ਵਿਹਲੇ ਹੁੰਦੇ ਸਨ, ਤਾਂ ਆਪਣੇ ਪਾਲਤੂ ਪਸ਼ੂਆਂ ਨੂੰ ਲੈ ਕੇ ਪਿੰਡ ਦੇ ਛੱਪੜ ਤੇ ਚਲੇ ਜਾਂਦੇ ਸਨ ਤੇ ਪਸ਼ੂਆਂ ਨੂੰ ਛੱਪੜ ਦੇ ਪਾਣੀ ਚ ਬਿਠਾ ਕੇ ਖੁਦ ਨੇੜਲੇ ਕਿਸੇ ਬੋਹੜ ਦੀ ਛਾਵੇਂ ਬੈਠ ਜਾਂਦੇ ਸਨ। ਬੋਹੜ ਦਾ ਦਰਖਤ ਪਿੰਡ ਚ ਸਭ ਤੋਂ ਵੱਡੀ ਉਮਰ ਦਾ ਦਰਖਤ ਹੁੰਦਾ ਹੈ।

ਪਹਿਲਾਂ ਦੇ ਸਮੇਂ ਚ ਜ਼ਿਆਦਾ ਆਵਾਜਾਈ ਦੇ ਸਾਧਨ ਨਾ ਹੋਣ ਕਾਰਨ ਲੋਕਾਂ ਦਾ ਜ਼ਿਆਦਾਤਰ ਸਫਰ ਪੈਦਲ ਹੀ ਹੁੰਦਾ ਸੀ ਅਜਿਹੇ ਮਾਹੌਲ ਚ ਯਾਤਰਾ ਕਰ ਰਹੇ ਲੋਕਾਂ ਲਈ ਇਹ ਬੋਹੜ ਇਕ ਮਾਂ ਦਾ ਕੰਮ ਕਰਦੇ ਸਨ। ਜਿਵੇਂ ਕਿ ਕਿਸੇ ਗਾਇਕ ਨੇ ਕਿਹਾ ਹੈ – ਇਕ ਮਾਂ ਬੋਹੜ ਦੀ ਛਾਂ'। ਦੂਰੋਂ ਗਰਮੀ ਚੋਂ ਆ ਰਹੇ ਲੋਕਾਂ ਦਾ ਪਸੀਨਾ ਬੋਹੜ ਨੂੰ ਵੇਖ ਕੇ ਕਿਤੇ ਚਲਾ ਜਾਂਦਾ ਸੀ, ਮਨ ਹੀ ਮਨ ਵਿਚ ਇਕ ਠੰਢਕ ਮਹਿਸੂਸ ਹੁੰਦੀ ਸੀ ਅਤੇ ਚਿਹਰਿਆਂ ਤੇ ਇਕ ਰੌਣਕ ਆ ਜਾਂਦੀ ਸੀ।

ਬੋਹੜ ਦੇ ਦਰਖਤ ਪਿੰਡ ਦਾ ਸਰਮਾਇਆ ਹੁੰਦੇ ਸਨ ਤੇ ਲੋਕਾਂ ਚ ਇਸ ਦਰਖਤ ਪ੍ਰਤੀ ਭਾਰੀ ਆਦਰ ਸਤਿਕਾਰ ਹੁੰਦਾ ਸੀ। ਇਸ ਦਰਖਤ ਤੋਂ ਭਾਵੇਂ ਕੋਈ ਖਾਸ ਲਾਭ ਪ੍ਰਾਪਤ ਨਹੀਂ ਹੁੰਦਾ ਸੀ, ਪਰ ਇਸ ਦੀ ਛਾਂ ਮਾਣਨ ਵਾਲੇ ਇਨਸਾਨ ਨੂੰ ਸਦੀਆਂ ਤਕ ਇਸ ਦੀ ਯਾਦ ਆਉਂਦੀ ਰਹਿੰਦੀ ਸੀ। ਮੇਰੇ ਪਿੰਡ ਤਿੰਨ ਬੋਹੜ ਦੇ ਦਰਖਤ ਸਨ ਜਿਥੇ ਕਦੀ ਮੈਂ ਲੋਕਾਂ ਦਾ ਭਾਰੀ ਇਕੱਠ ਵੇਖਿਆ ਕਰਦਾ ਸੀ। ਪਰ ਅਫਸੋਸ ਦੀ ਗੱਲ ਇਹ ਹੈ ਕਿ ਇਹਨਾਂ ਰੁੱਖਾਂ ਦੀ ਕਦਰ ਖਤਮ ਹੁੰਦੀ ਜਾ ਰਹੀ ਹੈ। ਹੁਣ ਕਈ ਬੋਹੜ ਦੇ ਰੁੱਖਾਂ ਦੀ ਕਟਾਈ ਵੀ ਕੀਤੀ ਜਾ ਰਹੀ ਹੈ ਤੇ ਇਹਨਾਂ ਦੇ ਚਾਰ ਚੁਫੇਰੇ ਬਣੇ ਥੜਿਆਂ ਨੂੰ ਵੀ ਠਹੀ ਸੰਭਾਲਿਆ ਜਾਂਦਾ। ਅੱਜ ਦੇ ਮਨੁੱਖ ਨੂੰ ਲੱਕੜਾਂ ਦੀ ਪ੍ਰਾਪਤੀ ਲਈ ਬੋਹੜ ਦੀ ਵੀ ਕਦਰ ਨਹੀਂ ਰਹੀ। ਲੋਕਾਂ ਵਿਚ ਆਪਸੀ ਮੋਹ ਘਟਦਾ ਜਾ ਰਿਹਾ ਹੈ ਜਿਸ ਦਾ ਸਿੱਟਾ ਇਹਨਾਂ ਰੁੱਖਾਂ ਨੂੰ ਭੁਗਤਣਾ ਪੈ ਰਿਹਾ ਹੈ। ਕਦੇ ਪਿੰਡਾਂ ਦੀ ਸ਼ਾਨ ਹੋਣ ਵਾਲੇ ਇਹ ਬੋਹੜ ਅੱਜ ਕਿਧਰੇ ਵੀ ਦਿਖਾਈ ਨਹੀਂ ਦੇ ਰਹੇ। ਜੇਕਰ ਵਿਖਾਈ ਦਿੰਦੇ ਵੀ ਹਨ ਤਾ ਸੰਭਾਲ ਪੱਖੋਂ ਉਹਨਾਂ ਦਾ ਮਾੜਾ ਹਾਲ ਕਰ ਦਿਤਾ ਜਾਂਦਾ ਹੈ। ਪਿੰਡ ਦੀਆਂ ਪੰਚਾਇਤਾਂ ਦੀ ਸਾਂਝੀ ਜਗ੍ਹਾਂ ਬੋਹੜ ਅੱਜ ਕਮਰਿਆਂ ਦਾ ਰੂਪ ਧਾਰਨ ਕਰ ਰਹੀ ਹੈ। ਇਸ ਯੁਗ ਵਿਚ ਜ਼ਰੂਰੀ ਹੈ ਕਿ ਪਿੰਡਾਂ ਦੀਆਂ ਪੰਚਾਇਤਾ ਨੂੰ ਬੋਹੜ ਦੀ ਸੰਭਾਲ ਲਈ ਵਿਸ਼ੇਸ਼ ਕਦਮ ਚੁੱਕਣੇ ਚਾਹੀਦੇ ਹਨ, ਤਾਂ ਜੋ ਲੋਕਾਂ ਦੀ ਟੁੱਟਦੀ ਆਪਸੀ ਸਾਂਝ ਨੂੰ ਦੁਬਾਰਾ ਜੋੜਿਆ ਜਾਵੇ ਅਤੇ ਪੰਜਾਬ ਦੀ ਸ਼ਾਨ ਬੋਹੜ ਨੂੰ ਸਦੀਆਂ ਤਕ ਬਰਕਰਾਰ ਰੱਖਿਆ ਜਾ ਸਕੇ।

❑ ਭੀਮ ਸੈਨ ਸਿਹਾਲ

ਧੀਆਂ

ਕਰੋ ਥੋੜਾ ਵਿਚਾਰ ਲੋਕੋ, ਧੀਆਂ ਨੂੰ ਬਚਾਉਣ ਦਾ
ਰੋਕਣਾ ਪਏਗਾ ਪਾਪ ਧੀਆਂ ਨੂੰ ਮੁਕਾਉਣ ਦਾ।
ਧੀਆਂ ਵਰਗਾ ਪਿਆਰ ਨਹੀਂ, ਕੋਈ ਹੋਰ ਦੇ ਸਕਦਾ
ਨਾ ਧੀਆਂ ਨੂੰ ਮੁਕਾਉ, ਬਿਨ ਧੀਆਂ ਵਿਹੜਾ ਨਹੀਂ ਜੱਚਦਾ।

ਮਾਪਿਆ ਦਾ ਦੁੱਖ, ਧੀਆਂ ਹੀ ਵੰਡਾਉਦੀਆਂ
ਲੱਗੇ ਜੇ ਕੰਡਾ ਵੀ ਧੀਆਂ, ਉਡੀਆਂ ਨੇ ਆਉਂਦੀਆਂ
ਧੀਆਂ ਤੋਂ ਬਗੈਰ ਨਾ ਰੋਟੇ ਕੋਈ ਕੱਤਦਾ

ਜਨਮ ਲਿਆ ਧੀ ਨੇ, ਕਹਿੰਦੇ ਪੱਥਰ ਆਇਆ
ਜਨਮ ਲਿਆ ਬੇਟੇ ਨੇ, ਸੌ ਸੌ ਸਗਨ ਮਨਾਇਆ।
ਆਉਂਦਾ ਜਦੋਂ ਬੁਢਾਪਾ, ਬੇਟਾ ਲਾ ਕੇ ਬਹਾਨੇ ਘਰੋਂ ਧੱਕਦਾ।
ਨਾ ਧੀਆਂ ਨੂੰ ਮੁਕਾਉ, ਬਿਨ ਧੀਆਂ ਵਿਹੜਾ ਨਹੀਂ ਜੱਚਦਾ।

ਧੀਆਂ ਨੂੰ ਮਾਰ ਕੇ, ਨੂੰ ਹਾਂ ਕਿਥੋਂ ਆਉਣੀਆਂ
ਭੂਆ ਅਤੇ ਮਾਸੀਆਂ ਨਾ, ਕਿਰਾਏ ਤੇ ਥਿਆਉਣੀਆਂ
ਭੀਮ ਧੀ ਤੋਂ ਬਗੈਰ, ਦੱਸੋ ਰਿਸ਼ਤਾ ਕਿਹੜਾ ਹੱਸਦਾ।
ਨਾ ਧੀਆਂ ਨੂੰ ਮੁਕਾਉ, ਬਿਨ ਧੀਆਂ ਵਿਹੜਾ ਨਹੀਂ ਜੱਚਦਾ।

ਕਦੇ ਨਾ ਭੁੱਲੋ

- ਸਭ ਸੰਤ ਮਹਾਪੁਰਸ਼ ਮਿਲਜੁਲ ਕੇ ਮਿਸ਼ਨ ਦੇ ਵਿਕਾਸ ਵਿਚ ਯੋਗਦਾਨ ਦੇਣ।
- ਕੁਝ ਵੀ ਹੋਵੇ ਸਿਰਫ ਪਿਆਰ ਹੀ ਪਿਆਰ ਹੋਵੇ।
- ਬਾਬਾ ਹਰਦੇਵ ਸਿੰਘ ਦੀਆਂ ਸਿਖਿਆਵਾਂ ਨੂੰ ਆਪਣੇ ਜੀਵਨ ਵਿਚ ਅਪਨਾਉਣਾ ਹੈ।
- ਜਿਹੜੇ ਮਹਾਪੁਰਸ਼ ਪਿੱਛੇ ਹੱਟ ਗਏ ਹਨ, ਉਹਨਾਂ ਨੂੰ ਸੰਗਤ ਨਾਲ ਜੋੜਨ ਦਾ ਯਤਨ ਕਰੋ।

(ਸਤਿਗੁਰੂ ਮਾਤਾ ਸਵਿੰਦਰ ਹਰਦੇਵ ਜੀ ਮਹਾਰਾਜ)

- ਸੇਵਾ ਸਿਰਫ ਸੇਵਾ ਭਾਵਨਾ ਨਾਲ ਹੀ ਸਫਲ ਹੈ, ਵਿਖਾਵਾ ਨਹੀਂ ਹੋਣਾ ਚਾਹੀਦਾ।
- ਜੇ ਸਾਰੇ ਸੰਤ-ਮਹਾਂਪੁਰਸ਼ ਆਪਣੇ ਆਪ ਨੂੰ ਸਵਾਰ ਲੈਣ ਗੇ ਤਾਂ ਦੁਨੀਆਂ ਆਪਣੇ ਆਪ ਹੀ ਸੰਵਰ ਜਾਵੇਗੀ।
- ਜੇਕਰ ਅਸੀਂ ਚਾਹੁੰਦੇ ਹਾਂ ਕਿ ਸਾਡੇ ਬੱਚਿਆਂ ਵਿਚ ਸੁਧਾਰ ਆਵੇ ਤਾਂ ਪਹਿਲਾਂ ਆਪਣੇ ਆਪ ਨੂੰ ਸੁੱਧਾਰਨਾ ਚਾਹੀਦਾ ਹੈ।
- ਬਚਪਨ ਤੋਂ ਹੀ ਬਚਿਆਂ ਨੂੰ ਸੇਵਾ ਸਿਮਰਨ ਅਤੇ ਸਤਿਸੰਗ ਨਾਲ ਜੋੜਨਾ ਚਾਹੀਦਾ ਹੈ।

(ਨਿਰੰਕਾਰੀ ਬਾਬਾ ਹਰਦੇਵ ਸਿੰਘ ਸੀ)

- ਬੱਚੇ ਹੀ ਸਾਡੀ ਸੱਚੀ ਦੌਲਤ ਹਨ।
- ਸਾਦਗੀ ਅਤੇ ਮਿਹਨਤ ਹੀ ਬੱਚਿਆਂ ਨੂੰ ਗੁਣਵਾਨ ਅਤੇ ਸਿਹਤਮੰਦ ਬਣਾਉਂਦੀ ਹੈ।
- ਬੱਚੇ ਸਮਾਜ ਦੀ ਨੀਂਹ ਹੁੰਦੇ ਹਨ। ਇਹਨਾਂ ਦੀ ਪੜਾਈ-ਲਿਖਾਈ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ।
- ਬੱਚਿਆਂ ਦਾ ਧਿਆਨ ਰੋਜ਼ ਵਧ ਰਹੇ ਫੈਸ਼ਨ ਅਤੇ ਵਿਖਾਵੇ ਤੋਂ ਹਟਾ ਕੇ ਉਹਨਾਂ ਨੂੰ ਜਿੰਮੇਵਾਰੀ ਵਾਲਾ ਜੀਵਨ ਜੀਣ ਦੀ ਪ੍ਰੇਰਣਾ ਦੇਣੀ ਚਾਹੀਦੀ ਹੈ।
- ਜੇਕਰ ਬੱਚੇ ਨਾਜ਼ੁਕ ਮਿਜ਼ਾਜ ਬਣ ਜਾਣਗੇ ਤਾਂ ਆਉਦ ਵਾਲੀਆਂ ਮੁਸ਼ਕਲਾਂ ਦਾ ਸਾਹਮਣਾ ਨਹੀਂ ਕਰ ਸਕਣਗੇ।
- ਬਚਿਆਂ ਦੀ ਹਰ ਗੱਲ ਬੜੇ ਧਿਆਨ ਨਾ ਸੁਣੋ ਅਤੇ ਗਲਤ ਗੱਲ ਨੂੰ ਬੜੇ ਪਿਆਰ ਨਾਲ ਸਮਝਾਉ। ਬੱਚਿਆਂ ਦੀ ਹਰ ਗੱਲ ਵਿਚ ਕੋਈ ਰਾਜ ਹੁੰਦਾ ਹੈ।
- ਬੱਚਿਆਂ ਨੂੰ ਬਹੁਤੀ ਡਾਂਟ-ਫਿਟਕਾਰ ਨਹੀਂ ਕਰਨੀ ਚਾਹੀਦੀ। ਦੁਰ-ਫਿਟੇ-ਮੂੰਹ ਤਾਂ ਕਦੇ ਵੀ ਨਹੀਂ ਕਹਿਣਾ ਚਾਹੀਦਾ ਹੈ।

(ਬਾਬਾ ਗੁਰਬਚਨ ਸਿੰਘ ਜੀ)

❑ ਸੰਗ੍ਰਹਿਕਰਤਾ : ਡਿੰਪਲਜੀਤ ਰੰਧਾਵਾ

❑ ਕਮਲ ਸਿੰਘ ਚੌਹਾਨ

ਏਕਤਾ ਦਾ ਗੀਤ

ਛੋਟੇ-ਛੋਟੇ ਪਿਆਰੇ ਫੁੱਲ
ਲਾਲ ਗੁਲਾਬੀ ਪੀਲੇ ਫੁੱਲ।
ਵੇਖੋ ਕਿੰਨੇ ਸੁੰਦਰ ਲੱਗਦੇ,
ਮਹਿਕਾਂ ਵੰਡਦੇ ਜਾਂਦੇ ਫੁੱਲ।

ਭੰਵਰੇ ਵੀ ਇਹਨਾਂ ਕੋਲ ਆਵਣ,
ਮਧੁਮੱਖੀਆਂ ਨਾਲ ਗਾਉਂਦੇ ਫੁੱਲ।
ਕਿਰਣਾ ਦੇ ਨਾਲ ਮੋਹਿਤ ਹੋ ਕੇ,
ਹੌਲੀ-ਹੌਲੀ ਖਿੜਦੇ ਜਾਂਦੇ ਫੁੱਲ।

ਬਾਗ ਵੀ ਹੈ ਇਕ ਵਿਹੜੇ ਵਰਗਾ,
ਠੁਮਕ-ਠੁਮਕ ਕੇ ਨੱਚਣ ਫੁੱਲ।
ਕੰਡਿਆਂ ਦੇ ਨਾਲ ਹਰ ਪਲ ਰਹਿੰਦੇ
ਫਿਰ ਵੀ ਸਦਾ ਹੀ ਹੱਸਣ ਫੁੱਲ।

ਬੱਚਿਉ ! ਇਹਨਾਂ ਤੋਂ ਖਿੜਨਾ ਸਿੱਖ ਲਉ।
ਪ੍ਰੀਤ-ਪਿਆਰ ਨਾਲ ਮਿਲਣਾ ਸਿਖ ਲਉ।
ਗੀਤ ਏਕਤਾ ਦਾ ਮਿਲ ਕੇ ਗਾਉ,
ਫੁੱਲਾਂ ਦੀ ਸਿੱਖਿਆ ਤੇ ਚਲਣਾ ਸਿੱਖ ਲਉ।

ਬਾਲ ਕਹਾਣੀ - ਰਘਵੀਰ ਸਿੰਘ

ਕਾਂ ਅਤੇ ਕਿਸਾਨ

ਸਿਆਲ ਦੀ ਰੁੱਤ ਸੀ ਤੇ ਸ਼ਾਮ ਪੈਣ ਵਾਲੀ ਸੀ। ਇਕ ਕਿਸਾਨ ਆਪਣੇ ਖੇਤਾਂ ਵਿਚ ਕਣਕ ਦੀ ਫਸਲ ਨੂੰ ਪਾਣੀ ਲਾ ਰਿਹਾ ਸੀ।ਅਚਾਨਕ ਕਿਸਾਨ ਦੀ ਨਜ਼ਰ ਰਿੱਠ-ਰਿੱਠ ਕਣਕ ਦੇ ਵਿਚਕਾਰ, ਦੋ ਕੁ ਕਿਆਰੇ ਛੱਡ ਕੇ ਵੱਟ ਤੇ ਬੈਠੇ ਇਕ ਕਾਂ ਤੇ ਪਈ। ਉਹ ਕਾਂ ਆਸੇ-ਪਾਸਿਓਂ ਮਿੱਟੀ ਦੀਆਂ ਢੀਮਾਂ ਚੁੱਕ ਕੇ ਉਸ ਵੱਟ ਤੇ ਰੱਖ ਰਿਹਾ ਸੀ। ਕਿਸਾਨ ਅੱਖ ਬਚਾ ਕੇ ਉਸ ਕਾਂ ਵਲ ਦੇਖਦਾ ਰਿਹਾ। ਥੋੜੀ ਦੇਰ ਪਿਛੋਂ ਜਦੋਂ ਉਹ ਕਾਂ ਉਥੋਂ ਉਡਾਰੀ ਮਾਰ ਗਿਆ ਤਾਂ ਕਿਸਾਨ ਉਸ ਥਾਂ ਤੇ ਜਾ ਕੇ ਗਹੁ ਨਾਲ ਦੇਖਣ ਲੱਗਾ। ਕਾਂ ਨੇ ਉਥੇ ਬੜੇ ਹੀ ਸਲੀਕੇ ਨਾਲ ਕੁਝ ਮਿੱਟੀ ਦੀਆਂ ਢੀਮਾਂ ਚਿਣ ਕੇ ਉਹਨਾਂ ਹੇਠ ਕੁਝ ਲੁਕਾਇਆ ਲਗਦਾ ਸੀ। ਕਿਸਾਨ ਨੇ ਇਕ ਢੀਮ ਉਠਾ ਕੇ ਦੇਖਿਆ ਤਾਂ ਉਹ ਹੈਰਾਨ ਰਹਿ ਗਿਆ। ਹੇਠਾਂ ਇਕ ਅੱਧ-ਪਚੱਧਾ ਖਾਧਾ ਲੱਡੂ ਸੀ। ਕਿਸਾਨ ਨੇ ਦੁਬਾਰਾ ਉਹ ਢੀਮ ਫਿਰ ਉਵੇਂ ਹੀ ਚਿਣ ਦਿੱਤੀ ਤੇ ਆਪਣੇ ਮਨ ਚ ਕਹਿਣ ਲੱਗਾ, ਕਾਂ ਤਾਂ ਬੜਾ ਸਿਆਣਾ ਹੈ, ਅੱਜ ਇਹਨੂੰ ਇਹ ਲੱਡੂ ਕਿਤੋਂ ਮਿਲਿਆ ਹੋਣਾ, ਜੋ ਇਹਦੀ ਲੋੜ ਤੋਂ ਵੱਧ ਹੋਣਾ ਤਾਂ ਹੀ ਇਹ ਇਸ ਨੂੰ ਲੁਕਾ ਕੇ ਰੱਖ ਗਿਆ , ਕੱਲ੍ਹ ਲਈ।'

ਘਰ ਆ ਕੇ ਕਿਸਾਨ ਨੇ ਕਾਂ ਦੀ ਇਹ ਗੱਲ ਆਪਣੀ ਘਰਵਾਲੀ ਨੂੰ ਸੁਣਾਈ ਤਾਂ ਉਹ ਵੀ ਕਾਂ ਦੀ ਸਿਆਣਪ ਤੇ ਬਹੁਤ ਹੈਰਾਨ ਹੋਈ। ਜਦੋਂ ਕਿਸਾਨ ਘਰ ਰੱਖੇ ਪਸ਼ੂਆਂ ਨੂੰ ਪੱਠੇ ਪਾ ਕੇ ਖੇਤਾਂ ਨੂੰ ਜਾਣ ਲੱਗਾ ਤਾਂ ਉਸ ਦੀ ਘਰਵਾਲੀ ਕਹਿਣ ਲੱਗੀ, ਆਪਣੀ ਗਾਂ ਦਾ ਦੁੱਧ ਕਾਫੀ ਘੱਟ ਗਿਆ, ਲਗਦਾ ਹੈ ਇਸ ਨੂੰ ਪੂਰਾ ਚਾਰਾ ਨਹੀਂ ਮਿਲਦਾ, ਭੁੱਖੀ ਰਹਿ ਜਾਂਦੀ ਹੋਣੀ ਵਿਚਾਰੀ।'

ਹਾਂ ਠੰਢ ਕਰਕੇ ਹਰਾ ਚਾਰਾ ਉਗਦਾ ਨਹੀਂ ਤੇ ਤੂੜੀ ਆਪਣੀ ਮੁੱਕਣ ਵਾਲੀ ਆ। ਤਾਂ ਹੀ ਮੈਂ ਥੋੜਾ ਸਰਫੇ ਨਾਲ ਪੱਠੇ ਪਾਉਂਦਾ ਸੀ, ਹੁਣ ਥੋੜ੍ਹਾ ਹੋਰ ਪਾ ਦਿਆ ਕਰੂੰ।'

ਇਹ ਆਖ ਕੇ ਕਿਸਾਨ ਫਿਰ ਤੋਂ ਖੇਤਾਂ ਨੂੰ ਤੁਰ ਪਿਆ। ਰਸਤੇ ਚ ਜਾਂਦਿਆਂ ਉਸ ਨੂੰ ਤੂੜੀ ਦੇ ਮੁੱਕਣ ਦਾ ਫਿਕਰ ਹੀ ਸਤਾਉਂਦਾ ਰਿਹਾ। ਖੇਤ ਜਾ ਕੇ ਉਸ ਨੇ ਪਾਣੀ ਛੱਡਿਆ ਤੇ ਖੇਤਾਂ ਚ ਬੰਨ੍ਹੇ ਹੋਏ ਆਪਣੇ ਤੂੜੀ ਦੇ ਕੁੱਪ ਵੱਲ ਦੇਖਣ ਲੱਗਾ, ਜਿਹੜਾ ਹੁਣ ਅੰਦਰੋਂ ਕਾਫੀ ਖਾਲੀ ਹੋ ਗਿਆ ਸੀ। ਉਹ ਮਨ ਹੀ ਮਨ ਗੱਲਾਂ ਕਰਨ ਲੱਗਾ, 'ਐਨਾ ਵੱਡਾ ਕੁੱਪ ਬੰਨਿਆ ਸੀ ਤੂੜੀ ਦਾ, ਪਤਾ ਨਹੀਂ ਇਨ੍ਹਾਂ ਦਿਨਾਂ ਚ ਆ ਕੇ ਹਰ ਸਾਲ ਤੂੜੀ ਕਿਵੇਂ ਘੱਟ ਪੈ ਜਾਂਦੀ ਹੈ।

ਫਿਰ ਉਹ ਆਪ ਹੀ ਕਣਕ ਦੀ ਗਹਾਈ ਦਾ ਵੇਲਾ ਚੇਤੇ ਕਰਕੇ ਆਪਣੇ ਆਪ ਨੂੰ ਕਹਿਣ ਲੱਗਾ, ਕਿੰਨਾ ਨਾੜ ਸੀ ਉਦੋਂ ਆਪਣੀ ਕਣਕ ਦਾ, ਪਰ ਮੈਂ ਐਵੇ ਵਾਧੂ ਜਾਣ ਕਿੰਨਾ ਹੀ ਨਾੜ ਅੱਗ ਲਾ ਕੇ ਸਾੜ ਸੁੱਟਿਆ ਸੀ।

ਇਹ ਸੋਚ ਕੇ ਕਿਸਾਨ ਨੂੰ ਪਛਤਾਵਾ ਹੋਣ ਲੱਗਾ। ਉਸੇ ਵੇਲੇ ਉਸ ਨੂੰ ਕੱਲ੍ਹ ਵਾਲਾ ਕਾਂ ਫਿਰ ਦਿਖਾਈ ਦਿੱਤਾ। ਉਹ ਉਸੇ ਵੱਟ ਤੇ ਬੈਠਾ ਅੱਜ ਮਿੱਟੀ ਦੀਆਂ ਢੀਮਾਂ ਨੂੰ ਪਰੇ ਹਟਾ ਰਿਹਾ ਸੀ। ਲੁਕਾਇਆ ਲੱਡੂ ਉਸ ਚੁੰਝ ਚ ਫਸਾਇਆ ਤੇ ਪਾਣੀ ਦੀ ਆਡ ਕੋਲ ਪਹੁੰਚ ਗਿਆ। ਉਥੇ ਬੈਠ ਕੇ ਉਹ ਲੱਡੂ ਬੜੇ ਸੁਆਦ ਨਾਲ ਖਾਣ ਲੱਗਾ। ਮਜ਼ੇ ਨਾਲ ਲੱਡੂ ਖਾਣ ਤੋਂ ਬਾਅਦ ਕਾਂ ਨੇ ਆਡ ਚੋਂ ਪਾਣੀ ਪੀਤਾ ਤੇ ਨਿਸਚਿੰਤ ਹੋ ਕੇ ਉਡ ਗਿਆ।

ਕਿਸਾਨ ਇਹ ਸਭ ਬੜੇ ਧਿਆਨ ਨਾਲ ਦੇਖ ਰਿਹਾ ਸੀ। ਉਹ ਹੁਣ ਸੋਚਾਂ ਚ ਪੈ ਗਿਆ, ਇਕ ਪੰਛੀ ਨੂੰ ਵੀ ਪਤਾ ਹੈ ਕਿ ਵਾਧੂ ਚੀਜ਼ ਜੇ ਸਾਂਭ ਲਈ ਜਾਵੇ ਤਾਂ ਲੋੜ ਵੇਲੇ ਕੰਮ ਆ ਸਕਦੀ ਹੈ ਤੇ ਮੈਂ ਹਰ ਸਾਲ ਸਾਂਭਣ ਦੇ ਡਰੋਂ ਕਿੰਨਾ ਹੀ ਨਾੜ ਅੱਗ ਲਾ ਕੇ ਸਾੜ ਸੁੱਟਦਾ ਹਾਂ।'

ਕਾਂ ਭਾਵੇਂ ਉਡਾਰੀ ਮਾਰ ਕੇ ਦੂਰ ਜਾ ਚੁੱਕਾ ਸੀ ਪਰ ਕਿਸਾਨ ਨੇ ਦੂਰੋਂ ਹੀ ਉਸ ਵੱਲ ਤਕਦਿਆਂ ਇਹ ਪ੍ਰਣ ਲਿਆ, ਐ ਦੋਸਤ ! ਹੁਣ ਮੈਂ ਵੀ ਕੰਮ ਦੀਆਂ ਚੀਜ਼ਾਂ ਨੂੰ ਐਵੇਂ ਵਾਧੂ ਜਾਣ ਕੇ ਗੁਆਵਾਂਗਾ ਨਹੀਂ, ਸਗੋਂ ਸਾਂਭ ਕੇ ਰੱਖਣ ਦੀ ਆਦਤ ਪਾਵਾਂਗਾ, ਤੇਰੇ ਵਾਂਗ।'

❑ ਊਸ਼ਾ ਸਰੀਨ

ਬੁਲਬੁਲ ਰਾਣੀ

ਸੁਭਹ-ਸਵੇਰੇ ਬੁਲਬੁਲ ਆਵੇ,
ਰੁੱਖ ਤੇ ਬਹਿ ਕੇ ਗੀਤ ਉਹ ਗਾਵੇ।

ਪਾਉਂਦੇ ਨੇ ਸਭ ਉਸ ਨੂੰ ਦਾਣਾ,
ਕਿਉਂਕਿ ਜਲਦੀ ਹੈ ਉਸ ਨੇ ਘਰ ਜਾਣਾ।

ਉਸ ਦੇ ਬੱਚੇ ਪਿਆਰੇ-ਪਿਆਰੇ,
ਉਠਦੇ ਨੇ ਉਹ ਸੁਭਹ-ਸਵੇਰੇ।

ਉਹਨਾਂ ਨੂੰ ਦਾਣਾ ਖਵਾਂਦੀ ਬੁਲਬੁਲ,
ਉਡੱਣਾ ਉਹਨਾਂ ਨੂੰ ਸਿਖਾਂਦੀ ਬੁਲਬੁਲ।

ਇੰਜ ਹੀ ਵੱਡੇ ਹੋ ਜਾਂਦੇ ਬੱਚੇ
ਜੋ ਹੁੰਦੇ ਨੇ ਮਨ ਦੇ ਸੱਚੇ।

ਬੜੀ ਪਿਆਰੀ ਬੁਲਬੁਲ ਰਾਣੀ,
ਇਹੀ ਹੈ ਉਸ ਦੀ ਸੁੰਦਰ ਕਹਾਣੀ।



ਦਾਦਾ ਜੀ

ਚਿੱਤਰਕਾਰ ਅਤੇ ਲੇਖਕ : ਅਜੈ ਕਾਲੜਾ

ਸਰਾਏ
ਵਿਉਪਾਰੀ ਨੇ ਰਾਤ ਇਕ ਧਰਮਸ਼ਾਲਾ ਵਿਚ ਗੁਜ਼ਾਰਨ ਦੀ ਸੋਚੀ ਅਤੇ ਉਹ ਉਥੇ ਜਾ ਪਹੁੰਚਿਆ।
ਵਿਉਪਾਰੀ ਧਰਮਸ਼ਾਲਾ ਦਾ ਦਰਵਾਜ਼ਾ ਖੁਲਵਾਉਣ ਲਈ ਜ਼ੋਰ-ਜ਼ੋਰ ਦੀ ਦਰਵਾਜ਼ਾ ਖੜਕਾਉਣ ਲੱਗਾ।
ਬੜੀ ਦੇਰ ਬਾਅਦ ਅੰਦਰੋਂ ਧਰਮਸ਼ਾਲਾ ਦੇ ਚੌਕੀਦਾਰ ਨੇ ਕਿਹਾ - ਇਹ ਦਰਵਾਜ਼ੇ ਦੀ ਚਾਬੀ ਗਵਾਚ ਗਈ ਹੈ। ਇਹ ਸਿਰਫ ਚਾਂਦੀ ਦੀ ਚਾਬੀ ਨਾਲ ਹੀ ਹੁਣ ਖੁੱਲ ਸਕਦਾ ਹੈ।

ਵਿਉਪਾਰੀ ਸਮਝ ਗਿਆ ਕਿ ਚੌਕੀਦਾਰ ਕੀ ਚਾਹੁੰਦਾ ਹੈ। ਉਸ ਨੇ ਦਰਵਾਜ਼ੇ ਦੇ ਥੱਲਿਉ ਚਾਂਦੀ ਦਾ ਸਿੱਕਾ ਅੰਦਰ ਪਹੁੰਚਾ ਦਿਤਾ।
ਸਿੱਕਾ ਪਹੁੰਚਦੇ ਹੀ ਦਰਵਾਜ਼ਾ ਖੁਲ ਗਿਆ ਅਤੇ ਵਿਉਪਾਰੀ ਅੰਦਰ ਆ ਗਿਆ।
ਅੰਦਰ ਆਉਂਦੇ ਹੀ ਵਿਉਪਾਰੀ ਨੇ ਚੌਕੀਦਾਰ ਨੂੰ ਬਾਹਰ ਤੋਂ ਭੋਜਨ ਲੈ ਕੇ ਆਉਣ ਲਈ ਕਿਹਾ। ਚੌਕੀਦਾਰ ਉਹਨਾਂ ਦੇ ਲਈ ਭੋਜਨ ਲੈਣ ਲਈ ਬਾਹਰ ਚਲਾ ਗਿਆ।
ਚੌਕੀਦਾਰ ਦੇ ਬਾਹਰ ਜਾਂਦੇ ਹੀ ਵਿਉਪਾਰੀ ਨੇ ਅੰਦਰੋਂ ਦਰਵਾਜਾ ਬੰਦ ਕਰ ਦਿੱਤਾ।

ਚੌਕੀਦਾਰ ਭੋਜਨ ਲੈ ਕੇ ਆਇਆ ਅਤੇ ਦਰਵਾਜ਼ਾ ਬੰਦ ਵੇਖ ਕੇ ਜ਼ੋਰ-ਜ਼ੋਰ ਦੀ ਦਰਵਾਜ਼ਾ ਪਿੱਟਣ ਲੱਗਾ।
ਤਦ ਹੀ ਅੰਦਰੋਂ ਆਵਾਜ਼ ਆਈ ਕਿ ਇਹ ਦਰਵਾਜ਼ਾ ਚਾਂਦੀ ਦੀ ਚਾਬੀ ਦੇ ਬਿਨਾ ਨਹੀਂ ਖੁੱਲੇਗਾ।
ਚੌਕੀਦਾਰ ਨੂੰ ਉਹ ਚਾਂਦੀ ਦਾ ਸਿੱਕਾ ਵਾਪਸ ਕਰਨਾ ਪਿਆ।
ਬੱਚਿਉ ! ਜੈਸੇ ਨੂੰ ਤੈਸਾ ਕਦੇ ਨਾ ਕਦੇ ਮਿਲਦਾ ਹੀ ਹੈ। ਚਾਹੇ ਉਹ ਕਿਸੇ ਵੀ ਤਰੀਕੇ ਨਾਲ ਮਿਲੇ ਉਹ ਮਿਲਦਾ ਜ਼ਰੂਰ ਹੈ।

ਸਤਿਗੁਰੂ ਮਾਤਾ ਸਵਿੰਦਰ ਹਰਦੇਵ ਜੀ ਮਹਾਰਾਜ ਦੀ ਪਾਵਨ ਛੱਤਰਛਾਇਆ ਹੇਠ

70ਵਾਂ ਸਲਾਨਾ ਨਿਰੰਕਾਰੀ ਸੰਤ ਸਮਾਗਮ

18-19-20 ਨਵੰਬਰ 2017

ਸਥਾਨ : ਸਮਾਗਮ ਗਰਾਊਂਡ, ਨਿਰੰਕਾਰੀ ਚੌਕ ਦੇ ਨੇੜੇ,
(ਨਿਰੰਕਾਰੀ ਸਰੋਵਰ ਦੇ ਸਾਹਮਣੇ), ਬੁਰਾੜੀ ਰੋਡ, ਦਿੱਲੀ-9

–: ਪ੍ਰੋਗਰਾਮ :–

18 ਨਵੰਬਰ 2017 (ਸ਼ਨੀਵਾਰ)

ਸਤਿਸੰਗ	:	ਸ਼ਾਮ 3.00 ਵਜੇ ਤੋਂ ਰਾਤ 9.30 ਵਜੇ
ਸਤਿਗੁਰੂ ਪ੍ਰਵਚਨ	:	ਰਾਤ 9.30 ਵਜੇ

19 ਨਵੰਬਰ 2017 (ਐਤਵਾਰ)

ਸੇਵਾਦਲ ਰੈਲੀ	:	ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ
ਸਤਿਸੰਗ	:	ਸ਼ਾਮ 3.00 ਵਜੇ ਤੋਂ ਰਾਤ 9.30 ਵਜੇ
ਸਤਿਗੁਰੂ ਪ੍ਰਵਚਨ	:	ਰਾਤ 9.30 ਵਜੇ

20 ਨਵੰਬਰ 2017 (ਸੋਮਵਾਰ)

ਜਨਰਲ ਬਾਡੀ ਮੀਟਿੰਗ : ਸਵੇਰੇ 11 ਤੋਂ ਦੁਪਹਿਰ 1.00 ਵਜੇ
ਨੋਟ : ਇਹ ਮੀਟਿੰਗ ਗਰਾਊਂਡ ਨੰ. 2, ਸਮਾਗਮ ਪੰਡਾਲ ਵਿਚ ਹੋਏਗੀ।

ਸਤਿਸੰਗ	:	ਸ਼ਾਮ 3 ਵਜੇ ਤੋਂ ਰਾਤ 9.45 ਵਜੇ
ਕਵੀ ਦਰਬਾਰ	:	ਸ਼ਾਮ 5.00 ਵਜੇ ਤੋਂ ਰਾਤ 7.00 ਵਜੇ
ਸਤਿਗੁਰੂ ਪ੍ਰਵਚਨ	:	ਰਾਤ 9.45 ਵਜੇ

ਵਿਸ਼ੇਸ਼ ਨੋਟ : ਗੁਰੂਵੰਦਨਾ ਦਾ ਪ੍ਰੋਗਰਾਮ 21 ਨਵੰਬਰ, 2017 (ਮੰਗਲਵਾਰ) ਨੂੰ ਸ਼ਾਮ 6.00 ਤੋਂ ਰਾਤ 9.00 ਵਜੇ ਤਕ ਹੋਵੇਗਾ।

ਸੀ.ਐਲ.ਗੁਲਾਟੀ,
ਸਕੱਤਰ (ਮੁਖਦਫਤਰ), ਸੰਤ ਨਿਰੰਕਾਰੀ, ਦਿੱਲੀ-9

kids Nirankari
spiritual dreamland for kids

Spiritual Zone for kids

With the blessings of His Holiness
Experience online spiritual learning with exciting and fun features highlights our mission's message. Visit regularly to watch tiny tots excelling in the spiritual journey.

kids.nirankari.org

- His Holiness Message
- Glimpse of Blessing
- Message in colors
- Poetry Fantasy
- Wacky and True
- Fun Games
- Hansti Duniya
- Kids Creation
- Kids Activities
- Jokes
- Avtar Vani
- Story Time

Share your talent in form of painting, poetry & story

Registered with the Registrar of Newspaper For India Under RNI No. 32345/77 : Delhi Postal Regd. No. DL-(N)-01/0137/2015-17 : Licence No. U (DN)-60/2015-17 : Licenced to post without Pre-payment

ਨਿਰੰਕਾਰੀ ਪਤ੍ਰ-ਪਤ੍ਰਿਕਾਵਾਂ ਪੜ੍ਹੋ ਅਤੇ ਪੜ੍ਹਾਉ !

ਸੰਤ ਨਿਰੰਕਾਰੀ (ਗਿਆਰਾਂ ਭਾਸ਼ਾਵਾਂ ਵਿਚ) ਏਕ ਨਜ਼ਰ (ਤਿੰਨ ਭਾਸ਼ਾਵਾਂ ਵਿਚ) ਹੰਸਤੀ ਦੁਨੀਆ (ਚਾਰ ਭਾਸ਼ਾਵਾਂ ਵਿੱਚ)

'ਸੰਤ ਨਿਰੰਕਾਰੀ' 'ਹੰਸਤੀ ਦੁਨੀਆ' (ਹਿੰਦੀ, ਪੰਜਾਬੀ ਅਤੇ ਅੰਗਰੇਜੀ) ਅਤੇ 'ਏਕ ਨਜ਼ਰ' (ਹਿੰਦੀ ਅਤੇ ਪੰਜਾਬੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ

ਪਤ੍ਰਿਕਾ ਵਿਭਾਗ, ਨਿਰੰਕਾਰੀ ਕੰਪਲੈਕਸ, ਨਿਰੰਕਾਰੀ ਸਰੋਵਰ ਦੇ ਨੇੜੇ

PH. 011—47660200, E-mail : patrika@nirankari.org

ਸੰਤ ਨਿਰੰਕਾਰੀ, ਹੰਸਤੀ ਦੁਨੀਆ, ਏਕ ਨਜ਼ਰ (ਮਰਾਠੀ) ਅਤੇ ਸੰਤ ਨਿਰੰਕਾਰੀ (ਨੇਪਾਲੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ

Sant Nirankari Satsang Bhawan
1st Floor, 50, Morbag Road, Naigaon, Dadar (E) MUMBAI-400 014 (Mah.)
e-mail : chandunirankari@yahoo.com & marathi@nirankari.org

ਹੋਰ ਭਾਸ਼ਾਵਾਂ ਦੀਆਂ ਪਤ੍ਰਿਕਾਵਾਂ ਦਾ ਮੈਂਬਰ ਬਣਨ ਲਈ ਹੇਠ ਲਿਖੇ ਅਨੁਸਾਰ ਸੰਪਰਕ ਕਰੋ

TAMIL
Sant Nirankari Satsang Bhawan, #7, Govindan Street, Ayavoo Naidu Colony, Aminji Karai, CHENNAI-600 029 (T.N.) Ph. 04423740830

ORIYA
Sant Nirankari Satsang Bhawan, Kazidiha, Post Madhupatna, CUTTACK-753 010 (Orissa) Ph. 0671-2341250

TELUGU
Sant Nirankari Satsang Bhawan, No. 6-2-970, Khairtabad, HYDERABAD-Pin : 500 029 Ph. 0104-23317879

GUJRATI
Sant Nirankari Satsang Bhawan, 31, Pratapganj, VADODARA-390002 (Guj.) Ph. 0285-275068

KANNADA
Sant Nirankari Satsang Bhawan, 88, Rattanvillas Road, Southend Circle, Basavangudi, BELGURU-560 004 (Karnataka) Ph. 080-26577212

BANGLA
Sant Nirankari Satsang Bhawan, 1-D, Nazar Ali Lane, Near Beck Bagan, KOLKATA-700 019 Ph. 033-22871658

ਪਤ੍ਰ-ਪਤ੍ਰਿਕਾਵਾਂ ਦੇ ਪ੍ਰਸਾਰ ਅਭਿਆਨ ਵਿਚ ਯੋਗਦਾਨ ਦੇ ਕੇ ਸਤਿਗੁਰੂ ਮਾਤਾ ਜੀ ਦੇ ਅਸ਼ੀਰਵਾਦ ਦੇ ਪਾਤਰ ਬਣੋ।

Posted at NDPSO Prescribed dates 23rd & 24th. Date of Publication: 17th & 18th (Advance Month)